Edit 09.qxd 12/8/2024 7:52 PM Page 1



ਅਜੀਤ

ਵਿਚਾਰ-ਪ੍ਰਵਾਹ

ਗੰਭੀਰ ਸੰਜੀਦਗੀ ਦੀ ਘਾਟ ਅਸਫ਼ਲਤਾਵਾਂ ਦਾ ਕਾਰਨ ਬਣਦੀ ਹੈ।
—ਐਮਰਸਨ

# ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਪਹਿਲ ਕਰੇ

ਦੇਸ਼ 'ਚ ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਾ ਮੁੱਦਾ ਇਕ ਵਾਰ ਫਿਰ ਭਖਿਆ ਹੋਇਆ ਹੈ। ਇਸ ਮੁੱਦੇ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਪਿਛਲੇ ਲਗਭਗ 10 ਮਹੀਨਿਆਂ ਤੋਂ ਹਰਿਆਣਾ ਨਾਲ ਲਗਦੀਆਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਅੰਦੋਲਨ ਕੀਤਾ ਜਾ ਰਿਹਾ ਹੈ। ਇਸ ਅੰਦੋਲਨ ਦੌਰਾਨ ਪਹਿਲਾਂ ਵੀ ਅਤੇ ਹੁਣ ਵੀ ਪੰਜਾਬ ਦੇ ਕਿਸਾਨਾਂ ਅਤੇ ਹਰਿਆਣੇ ਦੀ ਸਰਹੱਦ 'ਤੇ ਤਾਇਨਾਤ ਸੁਰੱਖਿਆ ਦਲਾਂ ਦਰਮਿਆਨ ਕਈ ਵਾਰ ਝੜਪਾਂ ਹੋ ਚੁੱਕੀਆਂ ਹਨ। ਇਨ੍ਹਾਂ ਝੜਪਾਂ ਵਿਚ ਅਨੇਕਾਂ ਕਿਸਾਨ ਗੰਭੀਰ ਰੂਪ 'ਚ ਜ਼ਖ਼ਮੀ ਵੀ ਹੁੰਦੇ ਰਹੇ ਹਨ। ਹੁਣ ਇਕ ਵਾਰ ਫਿਰ ਇਹ ਅੰਦੋਲਨ ਕਾਫ਼ੀ ਤੇਜ਼ ਹੁੰਦਾ ਨਜ਼ਰ ਆ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਦੇ ਪ੍ਰਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਇਸ ਸਮੇਂ ਮਰਨ ਵਰਤ 'ਤੇ ਬੈਠੇ ਹਨ। ਇਨ੍ਹਾਂ ਕਿਸਾਨ ਸੰਗਠਨਾਂ ਵਲੋਂ 'ਦਿੱਲੀ ਚੱਲੋ' ਦੇ ਦੁਬਾਰਾ ਦਿੱਤੇ ਗਏ ਸੱਦੇ ਨੂੰ ਸ਼ੰਭੂ ਦੀ ਸਰਹੱਦ 'ਤੇ ਹਰਿਆਣਾ ਦੇ ਸੁਰੱਖਿਆ ਦਲਾਂ ਵਲੋਂ ਇਕ ਵਾਰ ਫਿਰ ਨਾਕਾਮ ਕਰ ਦਿੱਤਾ ਗਿਆ ਹੈ। ਉਨ੍ਹਾਂ ਸੁਰੱਖਿਆ ਦਲਾਂ ਵਲੋਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ ਗਏ ਹਨ। ਇਕ ਵਾਰ ਫਿਰ ਕੁਝ ਕਿਸਾਨ ਜ਼ਖ਼ਮੀ ਹੋਏ ਹਨ।

ਇਸੇ ਦੌਰਾਨ ਰਾਜ ਸਭਾ 'ਚ ਕਿਸਾਨਾਂ ਦੇ ਸਮਰਥਨ ਮੁੱਲ ਦੀ ਗਾਰੰਟੀ ਦਾ ਮੁੱਦਾ ਉੱਠਣ 'ਤੇ ਦੇਸ਼ ਦੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਆਖਿਆ ਹੈ ਕਿ ਮੋਦੀ ਸਰਕਾਰ ਕਿਸਾਨਾਂ ਦੀਆਂ ਜਿਣਸਾਂ ਸਮਰਥਨ ਮੁੱਲ 'ਤੇ ਖਰੀਦਣ ਲਈ ਤਿਆਰ ਹੈ ਅਤੇ ਇਸ ਨੂੰ ਸਰਕਾਰ ਵਲੋਂ ਗਾਰੰਟੀ ਸਮਝਿਆ ਜਾਣਾ ਚਾਹੀਦਾ ਹੈ। ਸਾਡੀ ਇਹ ਰਾਇ ਹੈ ਕਿ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਕੇਵਲ ਅਜਿਹੇ ਬਿਆਨਾਂ ਨਾਲ ਹੀ ਕਿਸਾਨਾਂ ਦੀ ਸੰਤੁਸ਼ਟੀ ਹੋਣੀ ਸੰਭਵ ਨਹੀਂ ਹੈ। ਸਰਕਾਰ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਸਿਧਾਂਤਕ ਤੌਰ 'ਤੇ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ ਸੀ 2 + 50 ਫ਼ੀਸਦੀ ਦੇ ਫਾਰਮੂਲੇ ਅਨੁਸਾਰ ਸਮਰਥਨ ਮੁੱਲ ਦੇਣ ਦੀ ਕਾਨੂੰਨੀ ਗਾਰੰਟੀ ਦੇਣ ਲਈ ਤਿਆਰ ਹੈ ਜਾਂ ਨਹੀਂ। ਜੇਕਰ ਸਰਕਾਰ ਅਜਿਹਾ ਕਰਨ ਦੀ ਥਾਂ ਕੋਈ ਹੋਰ ਵਿਚਕਾਰਲਾ ਰਸਤਾ ਕੱਢਣ ਲਈ ਵੀ ਆਪਣੀ ਪ੍ਰਤੀਬੱਧਤਾ ਪ੍ਰਗਟਾਉਣ ਲਈ ਸਹਿਮਤ ਹੈ ਤਾਂ ਵੀ ਸਰਕਾਰ ਨੂੰ ਅੰਦੋਲਨਕਾਰੀ ਕਿਸਾਨ ਸੰਗਠਨਾਂ ਸਮੇਤ ਦੇਸ਼ ਦੇ ਹੋਰਨਾਂ ਪ੍ਰਮੁੱਖ ਕਿਸਾਨ ਸੰਗਠਨਾਂ ਨਾਲ ਵੀ ਗੱਲਬਾਤ ਕਰਨੀ ਚਾਹੀਦੀ ਹੈ। ਕਿਸਾਨਾਂ ਨੂੰ ਵਿਸ਼ਵਾਸ 'ਚ ਲੈਣ ਤੋਂ ਬਿਨਾਂ ਸੰਸਦ 'ਚ ਖੇਤੀਬਾੜੀ ਮੰਤਰੀ ਵਲੋਂ ਦਿੱਤੇ ਜਾਣ ਵਾਲੇ ਬਿਆਨਾਂ ਨਾਲ ਨਾ ਤਾਂ ਕਦੇ ਪਹਿਲਾਂ ਕਿਸਾਨਾਂ ਦੀ ਸੰਤੁਸ਼ਟੀ ਹੋਈ ਹੈ ਅਤੇ ਨਾ ਹੀ ਹੁਣ ਹੋ ਸਕਦੀ ਹੈ। ਬਿਹਤਰ ਇਹੀ ਹੋਵੇਗਾ ਕਿ ਹੋਰ ਸਮਾਂ ਗੁਆਉਣ ਦੀ ਥਾਂ ਇਕ ਵਾਰ ਫਿਰ ਕੇਂਦਰ ਸਰਕਾਰ ਕਿਸਾਨ ਸੰਗਠਨਾਂ ਨਾਲ ਗੱਲਬਾਤ ਦਾ ਸਿਲਸਿਲਾ ਆਰੰਭ ਕਰੇ।

ਅਜਿਹੀ ਗੱਲਬਾਤ ਕਿਸਾਨ ਸੰਗਠਨਾਂ ਨੂੰ ਬੁਲਾ ਕੇ ਦਿੱਲੀ ਵਿਚ ਵੀ ਹੋ ਸਕਦੀ ਹੈ ਅਤੇ ਚੰਡੀਗੜ੍ਹ ਵਿਚ ਵੀ ਹੋ ਸਕਦੀ ਹੈ। ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਅੰਦੋਲਨਕਾਰੀ ਕਿਸਾਨ ਸੰਗਠਨਾਂ ਨਾਲ ਚੰਡੀਗੜ੍ਹ 'ਚ ਗੱਲਬਾਤ ਦੇ ਕਈ ਦੌਰ ਹੋਏ ਸਨ ਅਤੇ ਇਨ੍ਹਾਂ ਵਿਚ ਕੇਂਦਰੀ ਮੰਤਰੀਆਂ ਨੇ ਪੰਜਾਬ ਦੇ ਕਿਸਾਨਾਂ ਨਾਲ 5 ਫ਼ਸਲਾਂ ਦੀ ਸਮਰਥਨ ਮੁੱਲ 'ਤੇ ਖਰੀਦ ਦਾ ਭਰੋਸਾ ਦਿੱਤਾ ਸੀ ਪਰ ਕਿਸਾਨ ਆਗੂ ਸਾਰੀਆਂ 23 ਫ਼ਸਲਾਂ ਦੀ ਸਮਰਥਨ ਮੁੱਲ 'ਤੇ ਖਰੀਦ ਦੀ ਕਾਨੂੰਨੀ ਗਾਰੰਟੀ ਚਾਹੁੰਦੇ ਸਨ, ਜਿਸ ਕਾਰਨ ਗੱਲਬਾਤ ਸਫਲ ਨਾ ਹੋ ਸਕੀ। ਸਾਡੀ ਇਹ ਸਪੱਸ਼ਟ ਰਾਇ ਹੈ ਕਿ ਇਹ ਵੱਡਾ ਮਸਲਾ ਗੱਲਬਾਤ ਰਾਹੀਂ ਹੀ ਸੁਲਝਾਇਆ ਜਾ ਸਕਦਾ ਹੈ। ਕੇਂਦਰੀ ਸਰਕਾਰ ਨੂੰ ਕਿਸਾਨਾਂ ਪ੍ਰਤੀ ਆਪਣਾ ਸਖ਼ਤ ਵਤੀਰਾ ਛੱਡਣਾ ਚਾਹੀਦਾ ਹੈ ਅਤੇ ਦੂਜੇ ਪਾਸੇ ਅੰਦੋਲਨਕਾਰੀ ਕਿਸਾਨ ਸੰਗਠਨਾਂ ਅਤੇ ਦੇਸ਼ ਦੇ ਹੋਰ ਕਿਸਾਨ ਸੰਗਠਨਾਂ ਨੂੰ ਵੀ ਤਰਕਸੰਗਤ ਅਤੇ ਬਾਦਲੀਲ ਢੰਗ ਨਾਲ ਕੇਂਦਰ ਸਰਕਾਰ ਨਾਲ ਗੱਲਬਾਤ ਸ਼ੁਰੂ ਕਰਨ ਲਈ ਸਹਿਮਤੀ ਬਣਾਉਣੀ ਚਾਹੀਦੀ ਹੈ। ਅਸੀਂ ਇਹ ਵੀ ਮਹਿਸੂਸ ਕਰਦੇ ਹਾਂ ਕਿ ਹਰਿਆਣਾ ਅਤੇ ਪੰਜਾਬ ਵਿਚਕਾਰ ਆਵਾਜਾਈ ਦੇ ਰਸਤੇ ਪਿਛਲੇ ਲੰਬੇ ਸਮੇਂ ਤੋਂ ਬੰਦ ਹੋਣ ਕਾਰਨ ਪੰਜਾਬ ਦੇ ਸਨਅਤਕਾਰਾਂ ਤੇ ਕਾਰੋਬਾਰੀਆਂ ਸਮੇਤ ਆਮ ਲੋਕਾਂ ਨੂੰ ਵੀ ਵੱਡਾ ਨੁਕਸਾਨ ਹੋ ਰਿਹਾ ਹੈ। ਲੋਕਾਂ ਦੀ ਇਸ ਸਮੱਸਿਆ ਨੂੰ ਵੀ ਸਮਝਿਆ ਜਾਣਾ ਚਾਹੀਦਾ ਹੈ। ਆਸ ਕਰਦੇ ਹਾਂ ਕਿ ਕੇਂਦਰ ਸਰਕਾਰ, ਹਰਿਆਣਾ ਸਰਕਾਰ ਅਤੇ ਪੰਜਾਬ ਦੇ ਅੰਦੋਲਨਕਾਰੀ ਕਿਸਾਨ ਸੰਗਠਨ ਅਤੇ ਹੋਰ ਕਿਸਾਨ ਜਥੇਬੰਦੀਆਂ ਦੇਸ਼ ਦੇ ਲੋਕਾਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਇਕ ਵਾਰ ਫਿਰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਵਾਜਬ ਰੁਖ਼ ਅਖ਼ਤਿਆਰ ਕਰਨਗੇ।

# ਖੇਤਰੀ ਪਾਰਟੀ

ਅਨਮੋਲਦੀਪ ਸਿੰਘ

ਪੰਜਾਬ ਦੀ ਰਾਜਨੀਤੀ ਮੁੱਢ ਤੋਂ ਹੀ ਕੁਝ ਮੂਲ ਸਿਧਾਂਤਾਂ 'ਤੇ ਆਧਾਰਿਤ ਰਹੀ ਹੈ। ਇਸ ਖ਼ਿੱਤੇ ਦੇ ਲੋਕਾਂ ਵਿਚ ਆਪਣੀ ਮਿੱਟੀ, ਆਪਣੇ ਧਰਮ ਪ੍ਰਤੀ ਮਰ ਮਿਟਣ ਦੀ ਭਾਵਨਾ ਹੈ। ਜੇ ਇਤਿਹਾਸ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀ ਸਿੱਖ ਭਾਈਚਾਰਾ ਆਪਣੀਆਂ ਗਲਤੀਆਂ ਤੋਂ ਵੇਲਾ ਲੰਘੇ 'ਤੇ ਸਿੱਖਦਾ ਹੈ। ਭਾਵੇਂ ਸਿੱਖ ਰਾਜ ਖੁੱਸਣ ਤੋਂ ਬਾਅਦ ਇਸਾਈਵਾਦ 'ਚ ਹੁੰਦੇ ਵਾਧੇ ਨੂੰ ਵੇਖ ਕੇ ਸਿੰਘ ਸਭਾ ਲਹਿਰ ਵਲੋਂ ਸਿੱਖ ਵਿੱਦਿਆ ਦੇ ਪਸਾਰੇ ਲਈ ਖ਼ਾਲਸਾ ਕਾਲਜ ਵਰਗੀ ਸੰਸਥਾ ਨੂੰ ਖੋਲ੍ਹਣ ਦੀ ਗੱਲ ਹੋਵੇ। ਅਸੀਂ ਹਮੇਸ਼ਾਂ ਤੋਂ ਹੀ ਆਪਣਾ ਨੁਕਸਾਨ ਕਰਵਾਉਣ ਤੋਂ ਬਾਅਦ ਆਪਣੇ ਹੱਕਾਂ ਦੀ ਗੱਲ ਕਰਦੇ ਹਾਂ। ਮੌਜੂਦਾ ਸਮੇਂ ਵੱਲ ਵੇਖੀਏ ਤਾਂ ਅੱਜ ਅਸੀਂ ਆਪਣੀ ਖੇਤਰੀ ਪਾਰਟੀ ਤੋਂ ਸੱਖਣੇ ਹੁੰਦੇ ਜਾਪਦੇ ਹਾਂ। ਸਾਨੂੰ ਇਸ ਗੱਲ ਦਾ ਇਲਮ ਵੀ ਹੈ ਕਿ ਅਸੀਂ ਭਾਰਤ ਦੇਸ਼ ਅੰਦਰ ਘੱਟ ਗਿਣਤੀ ਵਿੱਚ ਹਾਂ। ਸਾਡੀ ਢੋਈ ਆਪਣੀ ਸਾਡੀ ਖੇਤਰੀ ਪਾਰਟੀ ਤੋਂ ਬਿਨਾਂ ਕਿਤੇ ਵੀ ਨਹੀਂ। ਅੱਜ ਅਸੀਂ ਜੇ ਆਪਣੇ-ਆਪ ਨੂੰ ਸਵਾਲ ਕਰਕੇ ਵੇਖੀਏ ਕਿ, ਕੀ ਇਹ ਰਾਸ਼ਟਰੀ ਪੱਧਰ ਦੀਆਂ ਪਾਰਟੀਆਂ ਸਾਡੇ ਪੰਜਾਬ ਦੀ ਰਾਜਨੀਤੀ ਨੂੰ ਸੱਚਮੁੱਚ ਸਮਝ ਸਕਦੀਆਂ ਹਨ। ਪੰਜਾਬੀ ਜਜ਼ਬਾਤੀ ਲੋਕ ਹਨ, ਸਾਨੂੰ ਸਾਡੇ ਆਪਣੇ ਮਿੱਟੀ ਦੇ ਜੰਮਿਆਂ ਦੀ ਅਧੀਨਗੀ ਤਾਂ ਕਬੂਲ ਹੈ, ਪਰ ਅਸੀਂ ਸ਼ੈਤਾਨ ਰੂਪੀ ਬਾਹਰੀ ਨੇਤਾਵਾਂ ਦੀ ਅਗਵਾਈ ਕਬੂਲ ਨਹੀਂ ਕਰ ਸਕਦੇ। ਇਤਿਹਾਸ ਖੰਗਾਲਣ ਤੋਂ ਬਾਅਦ ਸਾਡੀ ਸਮਝ ਵੀ ਇਹ ਗੱਲ ਦੱਸਦੀ ਹੈ ਕਿ ਬਾਹਰੀ ਨੇਤਾ ਸਾਡੇ ਜਜ਼ਬਾਤਾਂ ਨਾਲ ਖੇਡ ਤਾਂ ਸਕਦੇ ਹਨ, ਪਰ ਸਾਡੇ ਹੱਕ ਦੀ ਗੱਲ ਕਦੇ ਵੀ ਨਹੀਂ ਕਰ ਸਕਦੇ। ਜੇ ਇਹ ਲੋਕ ਸਾਡੇ ਪਾਵਨ ਪਵਿੱਤਰ ਅਸਥਾਨ ਦੀ ਟੈਂਕਾਂ, ਤੋਪਾਂ ਨਾਲ ਬੇਅਦਬੀ ਕਰ ਸਕਦੇ ਹਨ। ਜੇ ਦੇਸ਼ ਦੀ ਰਾਜਧਾਨੀ ਵਿੱਚ ਜ਼ਕਰੀਆ ਖਾਨ ਵਾਲੇ ਦੌਰ ਨੂੰ ਮੁੜ ਦੁਹਰਾ ਸਕਦੇ ਹਨ ਤਾਂ ਅਸੀਂ ਇਨ੍ਹਾਂ ਬਾਹਰੀ ਲੋਕਾਂ ਲਈ ਜ਼ਰਾ ਵੀ ਮਾਅਨੇ ਨਹੀਂ ਰੱਖਦੇ। ਸਾਡੇ ਬਾਪ ਦਾਦਿਆਂ ਦੀ ਵਿਰਾਸਤ ਅਕਾਲੀ ਦਲ ਭਾਵੇਂ ਅੱਜ ਮਾੜੀਆਂ ਨੀਤੀਆਂ ਕਾਰਨ ਪਿਛਲੇ 100 ਸਾਲ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੈ, ਪਰ ਤਾਂ ਵੀ ਇਸ ਪਾਰਟੀ ਦੀ ਦੁਰਦਸ਼ਾ ਵੱਲ ਵੇਖ ਕੇ ਵੈਰਾਗ ਆਉਂਦਾ ਹੈ। ਜਦੋਂ ਇਸ ਪਾਰਟੀ ਦਾ ਕਿਤਾਬਾਂ 'ਚ ਪੜ੍ਹਿਆ ਇਤਿਹਾਸ ਅਤੇ ਅੱਖੀਂ ਡਿੱਠੇ ਹਾਲਾਤ ਵੇਖਦੇ ਹਾਂ ਤਾਂ ਆਪ ਮੁਹਾਰੇ ਅੱਖਾਂ ਨਮ ਹੋ ਜਾਂਦੀਆਂ ਹਨ। ਇਹ ਸਾਰੀ ਦੁਨੀਆ 'ਚ ਉੱਭਰੀ ਏਨੀ ਵੱਡੀ ਲਹਿਰ ਸੀ ਕਿ ਜਿਸ ਦੇ ਫਲਸਵਰੂਪ ਸਾਡੇ ਗੁਰੂਧਾਮ, ਸਾਡੇ ਸਿਰ ਦੀਆਂ ਦਸਤਾਰਾਂ ਸੁਰੱਖਿਅਤ ਹਨ। ਉਹ ਲੀਡਰਸ਼ਿਪ ਅਸਲ ਜੁਝਾਰੂ ਯੋਧਿਆਂ ਦੀ ਲੀਡਰਸ਼ਿਪ ਸੀ। ਉਹ ਲੀਡਰ ਪੜ੍ਹੇ ਲਿਖੇ, ਸੂਝਵਾਨ ਅਤੇ ਹਿੱਕ ਡਾਹ ਕੇ ਖੜ੍ਹਨ ਤੇ ਲੜਨ ਵਾਲੇ ਸਨ। ਅੱਜ ਉਹ ਕਾਲਾ ਦੌਰ ਮੁੜ ਆਉਂਦਾ ਜਾਪਦਾ ਹੈ ਜਦੋਂ ਅਸੀਂ ਆਪਣੇ ਖ਼ਿੱਤੇ ਦੇ, ਆਪਣੇ ਧਰਮ ਵਿਚੋਂ ਉਪਜੇ ਨੇਤਾ ਤੋਂ ਸੱਖਣੇ ਸੀ। ਸਾਡੇ ਪੰਜਾਬ ਦਾ ਸਾਡੀ ਖੇਤਰੀ ਪਾਰਟੀ ਤੋਂ ਬਿਨਾਂ ਗੁਜ਼ਾਰਾ ਨਹੀਂ। ਸਾਡੇ ਕੋਲ ਹਾਲੇ ਵੀ ਸੰਭਲਣ ਦਾ ਮੌਕਾ ਹੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਸਲ ਵਾਰਸ ਹੀ ਇਸ ਖ਼ਿੱਤੇ ਦੀ ਅਗਵਾਈ ਕਰ ਸਕਦੇ ਹਨ।

*-ਅਸਿਸਟੈਂਟ ਪ੍ਰੋਫ਼ੈਸਰ*

# 'ਇੰਡੀਆ' ਗੱਠਜੋੜ ਲਈ ਚੁਣੌਤੀਪੂਰਨ ਹੋਵੇਗੀ ਭਵਿੱਖ ਦੀ ਰਾਜਨੀਤੀ



ਨਿਤਿਆ ਚੱਕਰਵਰਤੀ



ਦੇਸ਼ 'ਚ 2024 'ਚ ਹੋਣ ਵਾਲੀਆਂ ਵੱਖ-ਵੱਖ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਆਖ਼ਰੀ ਦੌਰ ਸਮਾਪਤ ਹੋ ਗਿਆ ਹੈ। ਮਹਾਰਾਸ਼ਟਰ ਚੋਣਾਂ 'ਚ ਭਾਜਪਾ ਦੀ ਅਗਵਾਈ ਵਾਲੀ 'ਮਹਾਯੁਤੀ' ਦੀ ਵੱਡੀ ਜਿੱਤ ਨੇ ਭਾਜਪਾ ਨੂੰ 6 ਮਹੀਨੇ ਪਹਿਲਾਂ 2024 ਵਿਚ ਹੋਈਆਂ ਲੋਕ ਸਭਾ ਦੀਆਂ ਚੋਣਾਂ 'ਚ ਹੋਏ ਨੁਕਸਾਨ ਦੀ ਭਰਪਾਈ ਕਰਕੇ ਨਵਾਂ ਆਤਮ-ਵਿਸ਼ਵਾਸ ਦਿੱਤਾ ਹੈ। 'ਇੰਡੀਆ' ਗੱਠਜੋੜ ਲਈ ਵੀ ਝਾਰਖੰਡ ਵਿਧਾਨ ਸਭਾ ਚੋਣਾਂ 'ਚ ਮਿਲੀ ਸ਼ਾਨਦਾਰ ਜਿੱਤ ਇਕ ਸਾਕਾਰਾਤਮਕ ਸੰਕੇਤ ਹੈ। ਫਿਰ ਵੀ, ਹਰਿਆਣਾ ਚੋਣਾਂ 'ਚ ਹੈਰਾਨੀਜਨਕ ਜਿੱਤ ਨਾਲ ਭਾਜਪਾ ਦੋ ਦਾਅਵੇਦਾਰਾਂ (ਐੱਨ.ਡੀ.ਏ. ਅਤੇ ਇੰਡੀਆ ਗੱਠਜੋੜ) ਵਿਚਾਲੇ ਧਾਰਨਾਵਾਂ ਦੀ ਲੜਾਈ ਨੂੰ ਲੈ ਕੇ ਬਹੁਤ ਅੱਗੇ ਹੈ। ਹੁਣ 2025 ਤੇ 2026 ਦੀਆਂ ਵਿਧਾਨ ਸਭਾ ਚੋਣਾਂ ਦੋਹਾਂ ਗੱਠਜੋੜਾਂ ਲਈ ਅਗਲੀ ਚੁਣੌਤੀ ਹੋਵੇਗੀ।

2024 ਦੀਆਂ ਲੋਕ ਸਭਾ ਚੋਣਾਂ ਤੇ ਉਸ ਤੋਂ ਬਾਅਦ ਹਰਿਆਣਾ, ਮਹਾਰਾਸ਼ਟਰ ਤੇ ਝਾਰਖੰਡ 'ਚ ਹੋਈਆਂ ਵਿਧਾਨ ਸਭਾ ਚੋਣਾਂ ਨੇ ਦਿਖਾ ਦਿੱਤਾ ਹੈ ਕਿ ਭਾਰਤੀ ਵੋਟਰ ਆਪਣੇ ਚੋਣਾਵੀ ਵਿਹਾਰ 'ਚ ਕਾਫ਼ੀ ਅਸਥਿਰ ਹਨ ਅਤੇ ਉਨ੍ਹਾਂ ਦਾ ਮੂਡ ਬਹੁਤ ਤੇਜ਼ੀ ਨਾਲ ਬਦਲਦਾ ਹੈ। ਪਹਿਲਾਂ ਦੀਆਂ ਚੋਣਾਂ 'ਚ ਮਿਲੇ ਫਾਇਦਿਆਂ ਨੂੰ ਬੇਅਸਰ ਕਰਨ ਵਾਲੇ ਨਵੇਂ ਕਾਰਕ ਸਾਹਮਣੇ ਆਉਂਦੇ ਹਨ,ਜੋ ਭਾਰਤੀ ਵੋਟਰਾਂ ਦੀ ਪਰਿਪੱਕਤਾ ਨੂੰ ਸਾਬਤ ਕਰਦੇ ਹਨ। ਅਜਿਹੇ ਬਦਲਦੇ ਮਾਹੌਲ 'ਚ ਉਭਰਦੀ ਸਿਆਸੀ ਮਨੋਦਸ਼ਾ ਦਾ ਸਹੀ ਮੁੱਲਾਂਕਣ ਕਰਨਾ ਦੋਵੇਂ ਗੱਠਜੋੜਾਂ ਦੇ ਸਿਆਸੀ ਰਣਨੀਤੀਕਾਰਾਂ ਲਈ ਕਠਿਨ ਕੰਮ ਹੈ।

ਲੋਕ ਸਭਾ ਚੋਣਾਂ ਦੇ ਬਾਅਦ ਪਿਛਲੇ 6 ਮਹੀਨਿਆਂ 'ਚ 'ਇੰਡੀਆ ਬਲਾਕ' ਨੂੰ ਚੋਣ ਨਤੀਜਿਆਂ 'ਚ ਕੁਝ ਝਟਕੇ ਲੱਗੇ ਹਨ, ਪਰ ਕੁਝ ਚੰਗੀਆਂ ਗੱਲਾਂ ਵੀ ਹੋਈਆਂ ਹਨ। ਇੰਡੀਆ ਗੱਠਜੋੜ ਨੂੰ ਇਸ ਉਲਟਫੇਰ ਤੋਂ ਢੁਕਵਾਂ ਸਬਕ ਲੈਂਦਿਆਂ ਸੁਧਾਰ ਦੀ ਪ੍ਰਕਿਰਿਆ ਸ਼ੁਰੂ ਕਰਨੀ ਪਵੇਗੀ ਤਾਂ ਜੋ ਐਨ.ਡੀ.ਏ. ਖਾਸ ਕਰ ਕੇ ਭਾਜਪਾ ਨੂੰ ਐਨ.ਡੀ.ਏ. ਸ਼ਾਸਿਤ ਸੂਬਿਆਂ 'ਚ ਰੋਕਿਆ ਜਾ ਸਕੇ, ਜਿਥੇ ਅਗਲੇ 2 ਸਾਲਾਂ ਦੌਰਾਨ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਦੋ ਸਬਕ ਹਨ, ਪਹਿਲਾ- ਮਹਾਰਾਸ਼ਟਰ 'ਚ ਮਹਿਲਾਵਾਂ ਕੇਂਦਰਿਤ ਯੋਜਨਾਵਾਂ ਨੂੰ ਅੰਤਿਮ ਸਮੇਂ 'ਚ ਲਾਗੂ ਕੀਤੇ ਜਾਣ ਨੇ ਮਹਿਲਾ ਵੋਟਰਾਂ 'ਤੇ ਵੱਡਾ ਪ੍ਰਭਾਵ ਪਾਇਆ, ਜਿਸ ਦੇ ਚੱਲਦੇ ਮਹਾਯੁਤੀ ਦੀ ਭਾਰੀ ਜਿੱਤ ਹੋਈ। ਦੂਸਰਾ- ਝਾਰਖੰਡ 'ਚ ਆਦਿਵਾਸੀ, ਭਾਜਪਾ ਦੀਆਂ ਹੇਮੰਤ ਸੋਰੇਨ ਵਿਰੋਧੀ ਸਭ ਮੁਹਿੰਮਾਂ ਨੂੰ ਖਾਰਜ ਕਰਦਿਆਂ ਇੰਡੀਆ ਗੱਠਜੋੜ ਨਾਲ ਖੜ੍ਹੇ ਰਹੇ।

2025 'ਚ ਪਹਿਲੀਆਂ ਚੋਣਾਂ ਫਰਵਰੀ 'ਚ ਦਿੱਲੀ ਵਿਧਾਨ ਸਭਾ ਦੀਆਂ ਹੋਣੀਆਂ ਹਨ। ਇਸ ਤੋਂ ਬਾਅਦ ਸਾਲ ਦੇ ਅਖ਼ੀਰ 'ਚ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ। ਦਿੱਲੀ ਦੀ ਗੱਲ ਕਰੀਏ ਤਾਂ 'ਆਪ' ਨੇ ਫ਼ੈਸਲਾ ਕੀਤਾ ਹੈ ਕਿ ਕਾਂਗਰਸ ਤੋਂ ਵੱਖ ਰਹਿ ਕੇ ਇਕੱਲਿਆਂ ਚੋਣ ਲੜੇਗੀ। 'ਆਪ' ਦਾ ਮੰਨਣਾ ਹੈ ਕਿ ਪਿਛਲੀ ਲੋਕ ਸਭਾ ਚੋਣਾਂ ਦੇ ਨਤੀਜੇ ਜੋ ਵੀ ਰਹੇ ਹੋਣ, ਪਰ ਪਾਰਟੀ ਨੂੰ ਆਉਣ ਵਾਲੀਆਂ ਚੋਣਾਂ ਇਕੱਲਿਆਂ ਲੜ ਕੇ ਭਾਜਪਾ ਨੂੰ ਹਰਾਉਣ 'ਚ ਆਸਾਨੀ ਰਹੇਗੀ। ਜੇਕਰ ਇੰਡੀਆ ਗੱਠਜੋੜ ਦੀਆਂ ਦੋਵੇਂ ਸਹਿਯੋਗੀ ਪਾਰਟੀਆਂ ਆਪੋ-ਆਪਣੀ ਗੱਲ 'ਤੇ ਕਾਇਮ ਰਹਿੰਦੀਆਂ ਹਨ ਤਾਂ ਦਿੱਲੀ 'ਚ ਤਿਕੋਣੇ ਮੁਕਾਬਲੇ ਹੋਣਗੇ, ਜਿਸ ਦਾ ਫਾਇਦਾ ਭਾਜਪਾ ਨੂੰ ਮਿਲ ਸਕਦਾ ਹੈ। 'ਆਪ' ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਦਿੱਲੀ ਕੋਈ ਕੇਰਲਾ ਨਹੀਂ ਹੈ, ਭਾਜਪਾ ਦਾ ਦਿੱਲੀ 'ਚ ਆਧਾਰ ਬਹੁਤ ਮਜ਼ਬੂਤ ਹੈ ਤੇ ਇਸ ਵਾਰ ਉਹ 'ਆਪ' ਨੂੰ ਚੁਣੌਤੀ ਦੇਣ ਲਈ ਬਿਹਤਰ ਸਥਿਤੀ 'ਚ ਵੀ ਹੈ। ਇੰਡੀਆ ਗੱਠਜੋੜ ਦੇ ਸੀਨੀਅਰ ਨੇਤਾਵਾਂ ਨੂੰ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਾਂਗ ਦੋਹਾਂ ਪਾਰਟੀਆਂ 'ਚ ਆਪਸੀ ਸਹਿਮਤੀ ਬਣ ਜਾਵੇ। ਜੇਕਰ ਅਜਿਹਾ ਨਹੀਂ ਹੁੰਦਾ ਹੈ ਤਾਂ ਨਤੀਜੇ ਕਿਸੇ ਵੀ ਤਰ੍ਹਾਂ ਦੇ ਨਿਕਲ ਸਕਦੇ ਹਨ।

ਬਿਹਾਰ ਦੇ ਮਾਮਲੇ 'ਚ ਇੰਡੀਆ ਗੱਠਜੋੜ ਵਲੋਂ ਮੁੱਖ ਜ਼ਿੰਮੇਵਾਰੀ ਆਰ.ਜੇ.ਡੀ. ਦੀ ਹੋਵੇਗੀ, ਪਿਛਲੀਆਂ ਵਿਧਾਨ ਸਭਾ ਚੋਣਾਂ ਇੰਡੀਆ ਗੱਠਜੋੜ ਮਾਮੂਲੀ ਫਰਕ ਨਾਲ ਹਾਰਿਆ ਸੀ। ਲੋਕ ਸਭਾ ਚੋਣਾਂ ਦੌਰਾਨ ਇੰਡੀਆ ਗੱਠਜੋੜ ਦੇ ਪ੍ਰਚਾਰ 'ਚ ਕੁਝ ਵੱਡੀਆਂ ਕਮੀਆਂ ਸਾਹਮਣੇ ਆਈਆਂ ਸਨ ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਆਰ.ਜੇ.ਡੀ. ਆਗੂ ਤੇਜਸਵੀ ਯਾਦਵ ਨੂੰ ਕੇਵਲ ਆਪਣੀ ਪਾਰਟੀ ਦੇ ਹੀ ਨਹੀਂ, ਸਗੋਂ ਪੂਰੇ ਇੰਡੀਆ ਗੱਠਜੋੜ ਦੇ ਨੇਤਾ ਦੇ ਰੂਪ 'ਚ ਐਨ.ਡੀ.ਏ. ਗੱਠਜੋੜ ਨੂੰ ਹਰਾਉਣ ਦੇ ਉਦੇਸ਼ ਨਾਲ ਕੰਮ ਕਰਨਾ ਹੋਵੇਗਾ। ਕਾਂਗਰਸ ਨੂੰ ਆਪਣੀ ਤਾਕਤ ਦੇ ਹਿਸਾਬ ਨਾਲ ਸੀਟਾਂ ਸੰਬੰਧੀ ਗੱਲ ਕਰਨੀ ਪਵੇਗੀ, ਕਿਉਂਕਿ ਪਿਛਲੀਆਂ ਚੋਣਾਂ 'ਚ ਉਸ ਦੀ ਕਾਰਗੁਜ਼ਾਰੀ ਸਭ ਤੋਂ ਮਾੜੀ ਰਹੀ ਸੀ।

ਇਸ ਤੋਂ ਬਾਅਦ 2026 'ਚ ਪੱਛਮੀ ਬੰਗਾਲ ਤੇ ਤਾਮਿਲਨਾਡੂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਇੰਡੀਆ ਗੱਠਜੋੜ ਵਧੇਰੇ ਆਰਾਮਦਾਇਕ ਸਥਿਤੀ 'ਚ ਹੈ। ਪੱਛਮੀ ਬੰਗਾਲ 'ਚ ਕਾਂਗਰਸ ਨਾਲ ਗੱਠਜੋੜ ਹੋਵੇ ਜਾਂ ਨਾ, ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਸੂਬੇ ਦੀਆਂ ਕੁੱਲ 294 ਸੀਟਾਂ 'ਚੋਂ 223 ਸੀਟਾਂ ਦੀ ਆਪਣੀ ਮੌਜੂਦਾ ਤਾਕਤ ਤੋਂ ਆਪਣੀਆਂ ਸੀਟਾਂ ਨੂੰ ਹੋਰ ਵਧਾਉਣ ਦੀ ਸਥਿਤੀ 'ਚ ਹੈ। ਦਰਅਸਲ ਇਸੇ ਹਫ਼ਤੇ ਟੀ.ਐਮ.ਸੀ. ਲੀਡਰਸ਼ਿਪ ਦੀ ਹੋਈ ਇਕ ਉੱਚ-ਪੱਧਰੀ ਬੈਠਕ ਦੌਰਾਨ ਮੁੱਖ ਮੰਤਰੀ ਮਮਤਾ ਬੈਨਰਜੀ ਨੇ 2026 ਦੀਆਂ ਵਿਧਾਨ ਸਭਾ ਚੋਣਾਂ 'ਚ 294 'ਚੋਂ 260 ਸੀਟਾਂ ਜਿੱਤਣ ਦਾ ਟੀਚਾ ਪਾਰਟੀ ਨੇਤਾਵਾਂ ਨੂੰ ਦਿੱਤਾ ਹੈ ਜਿਸ ਲਈ ਟੀ.ਐਮ.ਸੀ. ਅਗਲੇ ਸਾਲ ਦੇ ਸ਼ੁਰੂ 'ਚ ਬੂਥ ਪੱਧਰ ਤੋਂ ਪਾਰਟੀ ਨੂੰ ਸੰਗਠਿਤ ਕਰਨ ਜਾ ਰਹੀ ਹੈ। ਜ਼ਿਕਰਯੋਗ ਹੈ ਕਿ 2021 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ 'ਚ 77 ਸੀਟਾਂ ਜਿੱਤਣ ਵਾਲੀ ਭਾਜਪਾ ਦੀ ਜ਼ਿਮਨੀ ਚੋਣਾਂ 'ਚ ਹੋਈ ਹਾਰ ਤੇ ਦਲਬਦਲੀ ਤੋਂ ਬਾਅਦ ਉਸ ਦੀਆਂ ਸੀਟਾਂ ਘਟ ਕੇ 69 ਰਹਿ ਗਈਆਂ ਹਨ।

ਕੇਰਲਾ 'ਚ 2026 ਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਫਾਇਦੇ ਵਾਲੀ ਸਥਿਤੀ 'ਚ ਹੈ। ਪਰ ਸੀ.ਪੀ.ਆਈ.-ਐਮ. ਦੀ ਅਗਵਾਈ ਵਾਲਾ ਸੱਤਾਧਾਰੀ 'ਖੱਬੇਪੱਖੀ ਲੋਕਤੰਤਰਿਕ ਮੋਰਚਾ' ਸੱਤਾ ਬਰਕਰਾਰ ਰੱਖਣ ਲਈ ਬਰਾਬਰ ਦੀ ਲੜਾਈ ਲੜਨ ਦੀ ਤਿਆਰੀ ਕਰ ਰਿਹਾ ਹੈ। ਇਥੇ ਕੋਈ ਵੀ ਜਿੱਤੇ, ਜਿੱਤਣ ਵਾਲੀ ਪਾਰਟੀ ਇੰਡੀਆ ਗੱਠਜੋੜ ਤੋਂ ਹੀ ਹੋਵੇਗੀ। ਉਧਰ ਤਾਮਿਲਨਾਡੂ 'ਚ ਡੀ.ਐਮ.ਕੇ. ਸੁਪਰੀਮੋ ਕੇ. ਸਟਾਲਿਨ ਸੂਬੇ 'ਚ ਸਭ ਸਹਿਯੋਗੀ ਪਾਰਟੀਆਂ ਨੂੰ ਨਾਲ ਲੈ ਕੇ ਪ੍ਰਭਾਵਸ਼ਾਲੀ ਢੰਗ ਨਾਲ ਇੰਡੀਆ ਗੱਠਜੋੜ ਦੀ ਅਗਵਾਈ ਕਰ ਰਹੇ ਹਨ। ਅਜੇ ਤੱਕ ਡੀ.ਐਮ.ਕੇ. ਸਰਕਾਰ ਨੂੰ ਕੋਈ ਵੀ ਖਤਰਾ ਨਹੀਂ ਹੈ, ਸਾਰੇ ਸੰਕੇਤ ਦੱਸਦੇ ਹਨ ਕਿ ਡੀ.ਐਮ.ਕੇ. ਦੀ ਅਗਵਾਈ ਵਾਲਾ ਇੰਡੀਆ ਗੱਠਜੋੜ ਬੜੇ ਆਰਾਮ ਨਾਲ ਸੱਤਾ 'ਚ ਵਾਪਸੀ ਕਰੇਗਾ। ਹਾਲਾਂਕਿ ਪੁਡੂਚੇਰੀ 'ਚ ਇੰਡੀਆ ਗੱਠਜੋੜ ਨੂੰ ਸੱਤਾ ਹਾਸਲ ਕਰਨ ਲਈ ਕਰੜੀ ਮਿਹਨਤ ਕਰਨੀ ਪਵੇਗੀ।

ਇੰਡੀਆ ਗੱਠਜੋੜ ਲਈ ਵੱਡੀ ਸਮੱਸਿਆ ਆਸਾਮ ਤੋਂ ਹੈ ਜਿਥੇ ਭਾਜਪਾ 2016 ਤੋਂ ਸੱਤਾ 'ਚ ਹੈ। ਮੁੱਖ ਮੰਤਰੀ ਹੇਮੰਤ ਵਿਸ਼ਵ ਸਰਮਾ ਇਕ ਚੁਸਤ ਸਿਆਸਤਦਾਨ ਹਨ ਜੋ ਸੱਤਾ 'ਚ ਬਣੇ ਰਹਿਣ ਲਈ ਇੰਡੀਆ ਗੱਠਜੋੜ ਦੀਆਂ ਪਾਰਟੀਆਂ ਨੂੰ ਆਪਸ 'ਚ ਵੰਡੀ ਰੱਖਣ 'ਚ ਕਾਮਯਾਬ ਰਹੇ ਹਨ। ਸੂਬੇ 'ਚ ਇੰਡੀਆ ਗੱਠਜੋੜ ਦੀ ਪ੍ਰਮੁੱਖ ਪਾਰਟੀ ਹੋਣ ਨਾਤੇ ਕਾਂਗਰਸ ਨੂੰ ਵਿਰੋਧੀ ਖੇਮੇ ਦੀ ਵੰਡ ਨੂੰ ਰੋਕਣ ਲਈ ਵੱਡੀ ਭੂਮਿਕਾ ਨਿਭਾਉਣੀ ਹੋਵੇਗੀ। ਕਾਂਗਰਸ ਸੰਗਠਨ ਦੀ ਹਾਲਤ ਖਰਾਬ ਹੋਣ ਕਰਕੇ ਸੂਬੇ 'ਚ ਪਾਰਟੀ ਨੂੰ ਹਾਈਕਮਾਂਡ ਤੋਂ ਢੁਕਵੇਂ ਦਿਸ਼ਾ-ਨਿਰਦੇਸ਼ ਨਹੀਂ ਮਿਲ ਰਹੇ। ਆਸਾਮ 'ਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਆਪਸੀ ਵਖਰੇਵਿਆਂ ਬਾਅਦ ਸੂਬੇ 'ਚ ਹੁਣ ਕੋਈ ਇੰਡੀਆ ਗੱਠਜੋੜ ਨਹੀਂ ਹੈ। ਜਿਥੇ ਕਾਂਗਰਸ ਆਪਣੀ ਇਕ ਰਵਾਇਤੀ ਸੀਟ ਸਮੇਤ ਸਭ ਸੀਟਾਂ 'ਤੇ ਚੋਣ ਹਾਰ ਗਈ ਹੈ, ਜਿਥੋਂ ਪਾਰਟੀ ਕਦੇ ਚੋਣ ਨਹੀਂ ਹਾਰੀ ਸੀ। ਕਾਂਗਰਸ ਨੂੰ ਇਥੇ ਕੁਝ ਖੇਤਰੀ ਪਾਰਟੀਆਂ, ਟੀ.ਐਮ.ਸੀ. ਅਤੇ ਕਮਿਊਨਿਸਟ ਪਾਰਟੀਆਂ ਦੀ ਸ਼ਮੂਲੀਅਤ ਨਾਲ ਇੰਡੀਆ ਗੱਠਜੋੜ ਨੂੰ ਸਰਗਰਮ ਕਰਨਾ ਹੋਵੇਗਾ। ਇੰਡੀਆ ਗੱਠਜੋੜ ਦੀ ਅਗਵਾਈ 'ਚ ਸਮੁੱਚੀ ਵਿਰੋਧੀ ਧਿਰ ਨੂੰ ਸਾਂਝੇ ਤੌਰ 'ਤੇ ਹੇਮੰਤ ਸਰਮਾ ਸਰਕਾਰ ਖ਼ਿਲਾਫ਼ ਲਗਾਤਾਰ ਅੰਦੋਲਨ ਕਰਨਾ ਹੋਵੇਗਾ। ਅਸਾਮੀ ਲੋਕਾਂ ਦਾ ਇਕ ਵੱਡਾ ਹਿੱਸਾ ਮੁੱਖ ਮੰਤਰੀ ਹੇਮੰਤ ਤੋਂ ਤੰਗ ਆ ਚੁੱਕਾ ਹੈ , ਪਰ ਉਨ੍ਹਾਂ ਨੂੰ ਕੋਈ ਬਦਲ ਵਿਖਾਈ ਨਹੀਂ ਦੇ ਰਿਹਾ ਕਿਉਂਕਿ ਇੰਡੀਆ ਗੱਠਜੋੜ ਦੀਆਂ ਪਾਰਟੀਆਂ ਸਾਂਝੇ ਤੌਰ 'ਤੇ ਕੰਮ ਕਰਨ ਤੋਂ ਅਸਮਰਥ ਹਨ। ਹੁਣ ਸਮਾਂ ਆ ਗਿਆ ਹੈ ਕਿ ਇੰਡੀਆ ਗੱਠਜੋੜ ਆਸਾਮ 'ਚ ਵਿਰੋਧੀ ਧਿਰ ਨੂੰ ਇਕਮੁੱਠ ਕਰ ਕੇ ਸਹੀ ਰਸਤੇ 'ਤੇ ਲਿਆਉਣ ਲਈ ਕੰਮ ਕਰੇ। ਇੰਡੀਆ ਗੱਠਜੋੜ ਦੀ ਭਵਿੱਖ ਦੀ ਰਾਜਨੀਤੀ ਵਿਚ ਕਾਂਗਰਸ ਆਗੂ ਪ੍ਰਿਅੰਕਾ ਗਾਂਧੀ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ, ਸੀ.ਆਈ.(ਐਮ-ਐੱਲ) ਨੇਤਾ ਦੀਪਾਂਕਰ ਭੱਟਾਚਾਰੀਆ ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਸਟਾਲਿਨ ਅਹਿਮ ਰੋਲ ਅਦਾ ਕਰ ਸਕਦੇ ਹਨ ਪਰ ਇਸ ਲਈ ਇੰਡੀਆ ਗੱਠਜੋੜ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਪਵੇਗਾ।

ਪਰ ਇਸ ਸਾਲ 4 ਜੂਨ ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਬਾਅਦ ਤੋਂ ਅਜੇ ਤੱਕ ਇੰਡੀਆ ਗੱਠਜੋੜ ਦੀ ਕੋਈ ਵੀ ਉੱਚ-ਪੱਧਰੀ ਬੈਠਕ ਨਹੀਂ ਹੋਈ ਹੈ। ਹੁਣ ਇੰਡੀਆ ਗੱਠਜੋੜ ਨੂੰ ਇਕ ਸਰਗਰਮ ਤਾਲਮੇਲ ਸੰਸਥਾ ਦੇ ਰੂਪ ਵਿਚ ਕੰਮ ਕਰਨ ਦਾ ਸਮਾਂ ਆ ਗਿਆ ਹੈ। ਸੂਬਿਆਂ ਦੇ ਕਈ ਅਜਿਹੇ ਮੁੱਦੇ ਹਨ, ਜਿਨ੍ਹਾਂ 'ਚ ਕੇਂਦਰੀ ਪੱਧਰ 'ਤੇ ਫੌਰੀ ਦਖਲ ਦੇਣ ਦੀ ਲੋੜ ਹੈ ਅਤੇ ਇਹ ਕੰਮ ਇੰਡੀਆ ਗੱਠਜੋੜ ਦੇ ਨੇਤਾਵਾਂ ਨੂੰ ਰਾਸ਼ਟਰੀ ਪੱਧਰ 'ਤੇ ਕਰਨਾ ਹੋਵੇਗਾ। ਇੰਡੀਆ ਗੱਠਜੋੜ ਨੂੰ ਤੁਰੰਤ ਇਕ ਨਵੇਂ ਕੋਆਡੀਨੇਟਰ ਬਾਰੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਜਿਸ ਲਈ ਦੋ ਨਾਵਾਂ- ਮਮਤਾ ਬੈਨਰਜੀ ਤੇ ਐਮ.ਕੇ. ਸਟਾਲਿਨ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

ਪਹਿਲਾਂ ਹੀ ਕਾਫੀ ਸਮਾਂ ਬਰਬਾਦ ਹੋ ਚੁੱਕਾ ਹੈ, ਇੰਡੀਆ ਗੱਠਜੋੜ ਨੂੰ ਮੁੜ ਤੋਂ ਇਕ ਗਤੀਸ਼ੀਲ ਸੰਸਥਾ ਦੇ ਰੂਪ 'ਚ ਕੰਮ ਕਰਨਾ ਚਾਹੀਦਾ ਹੈ।

*(ਸੰਵਾਦ)*

# ਕੀ ਅਸੀਂ ਸਭ ਭ੍ਰਿਸ਼ਟਾਚਾਰੀ ਤਾਂ ਨਹੀਂ ਹਾਂ?

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ



ਅੱਜ ਕੌਮਾਂਤਰੀ ਪੱਧਰ 'ਤੇ 'ਭ੍ਰਿਸ਼ਟਾਚਾਰ ਵਿਰੋਧੀ ਦਿਵਸ' ਮਨਾਇਆ ਜਾ ਰਿਹਾ ਹੈ ਅਤੇ ਸੰਨ 2003 ਦੀ 31 ਅਕਤੂਬਰ ਨੂੰ ਹੋਈ ਸੰਯੁਕਤ ਰਾਸ਼ਟਰ ਸੰਘ ਦੀ 'ਭ੍ਰਿਸ਼ਟਾਚਾਰ ਵਿਰੋਧੀ ਕਨਵੈਨਸ਼ਨ' ਪਿੱਛੋਂ ਇਹ ਦਿਵਸ ਹਰ ਸਾਲ 9 ਦਸੰਬਰ ਦੇ ਦਿਨ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਆਮ ਲੋਕਾਂ ਨੂੰ ਸਮਾਜ 'ਚ ਫੈਲੇ ਹਰ ਪ੍ਰਕਾਰ ਦੇ ਭ੍ਰਿਸ਼ਟਾਚਾਰ ਸੰਬੰਧੀ ਜਾਗਰੂਕ ਹੋਣ ਅਤੇ ਇਸ ਦੇ ਖ਼ਿਲਾਫ਼ ਡਟ ਕੇ ਆਵਾਜ਼ ਬੁਲੰਦ ਕਰਨ ਹਿਤ ਪ੍ਰੇਰਿਤ ਕਰਨਾ ਹੈ। ਸੰਯੁਕਤ ਰਾਸ਼ਟਰ ਸੰਘ ਇਹ ਮੰਨਦਾ ਹੈ ਕਿ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਖੇਤਰਾਂ 'ਚ ਪਸਰੀਆਂ ਹੋਈਆਂ ਹਨ ਅਤੇ ਭ੍ਰਿਸ਼ਟਾਚਾਰ ਹਰੇਕ ਦੇਸ਼ ਅਤੇ ਦੇਸ਼ਵਾਸੀ ਦੀ ਤਰੱਕੀ ਨੂੰ ਪ੍ਰਭਾਵਿਤ ਕਰਦਾ ਹੈ। ਸੰਘ ਦੀ ਇਹ ਵੀ ਮਾਨਤਾ ਹੈ ਕਿ ਇਸ ਮਹਾਂਮਾਰੀ ਨਾਲ ਨਜਿੱਠਣ ਲਈ ਸਰਕਾਰ, ਗ਼ੈਰ-ਸਰਕਾਰੀ ਸੰਗਠਨਾਂ, ਸੰਚਾਰ ਮਾਧਿਅਮਾਂ ਅਤੇ ਆਮ ਜਨਤਾ ਨੂੰ ਰਲ ਕੇ ਹੰਭਲਾ ਮਾਰਨਾ ਪਏਗਾ। ਕੌਮਾਂਤਰੀ ਪੱਧਰ 'ਤੇ ਬਣਾਏ ਜਾਂਦੇ 'ਕੁਰੱਪਸ਼ਨ ਪਰਸੈਪਸ਼ਨ ਇੰਡੈਕਸ' ਭਾਵ 'ਭ੍ਰਿਸ਼ਟਾਚਾਰ ਸੂਚਕ ਅੰਕ' ਵਲੋਂ ਜਨਵਰੀ, 2024 'ਚ ਜਾਰੀ ਕੀਤੇ ਅੰਕੜਿਆਂ ਅਨੁਸਾਰ 180 ਮੁਲਕਾਂ ਵਿਚੋਂ ਡੈਨਮਾਰਕ, ਨਿਊਜ਼ੀਲੈਂਡ, ਫ਼ਿਨਲੈਂਡ, ਨਾਰਵੇ ਅਤੇ ਸਿੰਗਾਪੁਰ' ਆਦਿ ਜਿਹੇ ਮੁਲਕ ਦੁਨੀਆ ਦੇ ਸਭ ਤੋਂ ਘੱਟ ਭ੍ਰਿਸ਼ਟ ਮੁਲਕਾਂ 'ਚ ਗਿਣੇ ਜਾਂਦੇ ਹਨ ਜਦੋਂ ਕਿ ਸੀਰੀਆ, ਸੁਡਾਨ ਅਤੇ ਸੋਮਾਲੀਆ ਦਾ ਸ਼ੁਮਾਰ ਸਭ ਤੋਂ ਚੋਟੀ ਦੇ ਭ੍ਰਿਸ਼ਟ ਦੇਸ਼ਾਂ 'ਚ ਹੁੰਦਾ ਹੈ।

ਇਸ ਸੂਚੀ 'ਚ ਭਾਰਤ 93ਵੇਂ ਨੰਬਰ 'ਤੇ ਆਉਂਦਾ ਹੈ। ਬਹੁਤੇ ਭਾਰਤਵਾਸੀਆਂ ਦੀ ਇਹ ਮੰਨਣਾ ਹੈ ਕਿ ਇੱਥੇ ਸਰਕਾਰੀ ਅਧਿਕਾਰੀ ਜਾਂ ਮੰਤਰੀ ਲੋਕ ਬਿਨਾਂ ਕਮਿਸ਼ਨ ਜਾਂ ਰਿਸ਼ਵਤ ਹਾਸਿਲ ਕੀਤਿਆਂ ਕੰਮ ਨਹੀਂ ਕਰਦੇ ਹਨ। ਪਰ ਮੇਰਾ ਮੰਨਣਾ ਹੈ ਕਿ ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਸਵਾਲ ਕਰਨਾ ਚਾਹੀਦਾ ਹੈ ਕਿ ਕੀ ਅਸੀਂ ਸਰਕਾਰ ਵਲੋਂ ਬਣਾਏ ਹਰ ਤਰ੍ਹਾਂ ਦੇ ਨਿਯਮਾਂ ਦੀ ਪਾਲਣਾ ਕਰਦੇ ਹਾਂ।

ਜੇਕਰ ਇਕ ਅਧਿਆਪਕ ਜਮਾਤ 'ਚ ਜਾ ਕੇ ਆਪਣੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਪੜ੍ਹਾਉਂਦਾ ਨਹੀਂ ਹੈ ਅਤੇ ਨਾ ਹੀ ਖ਼ੁਦ ਅਨੁਸ਼ਾਸ਼ਨ ਦੀ ਪਾਲਣਾ ਕਰਦਾ ਹੈ, ਜੇਕਰ ਡਾਕਟਰ ਆਪਣੇ ਮਰੀਜ਼ਾਂ ਨੂੰ ਬੇਲੋੜੇ ਟੈਸਟ ਅਤੇ ਬੇਲੋੜੀਆਂ ਦਵਾਈਆਂ ਲਿਖ਼ ਕੇ ਟੈਸਟ ਸੈਂਟਰ ਜਾਂ ਮੈਡੀਕਲ ਸਟੋਰ ਵਾਲੇ ਤੋਂ ਕਮਿਸ਼ਨ ਲੈਂਦਾ ਹੈ ਅਤੇ ਆਪਣੇ ਡਿਊਟੀ ਕਾਲ ਅੰਦਰ ਆਪਣੀ ਸੀਟ 'ਤੇ ਬੈਠ ਕੇ ਲੋੜਵੰਦ ਮਰੀਜ਼ਾਂ ਦਾ ਮੁਆਇਨਾ ਕਰਨ ਦੀ ਥਾਂ ਨਿੱਜੀ ਕੰਮਾਂ 'ਚ ਮਸਰੂਫ਼ ਰਹਿੰਦਾ ਹੈ, ਜੇਕਰ ਨਗਰ ਸਫ਼ਾਈ ਸੇਵਕ ਆਪਣੀ ਡਿਊਟੀ ਦੇ ਅੱਠ ਘੰਟਿਆਂ ਦੌਰਾਨ ਸਫ਼ਾਈ ਦਾ ਕੰਮ ਸਹੀ ਢੰਗ ਨਾਲ ਨਹੀਂ ਕਰਦਾ ਹੈ ਤੇ ਜੇਕਰ ਬੱਸ ਦਾ ਚਾਲਕ ਜਾਂ ਕੰਡਕਟਰ ਬੱਸ 'ਚੋਂ ਤੇਲ ਕੱਢ ਕੇ ਵੇਚਦਾ ਹੈ ਜਾਂ ਕੁਝ ਸਵਾਰੀਆਂ ਦੀ ਟਿਕਟਾਂ ਕੱਟਣ ਦੀ ਥਾਂ ਉਨ੍ਹਾ ਤੋਂ ਲਏ ਕਿਰਾਏ ਨੂੰ ਆਪਣੀ ਜੇਬ 'ਚ ਪਾ ਲੈਂਦਾ ਹੈ ਤਾਂ ਤੁਹਾਨੂੰ ਮੰਨਣਾ ਹੀ ਪਵੇਗਾ ਕਿ ਇਹ ਸਭ 'ਭ੍ਰਿਸ਼ਟਾਚਾਰੀ' ਹੀ ਹਨ ਤੇ ਖ਼ੁਦ ਭ੍ਰਿਸ਼ਟ ਹੁੰਦਿਆਂ ਹੋਇਆਂ ਇਨ੍ਹਾ ਨੂੰ ਭ੍ਰਿਸ਼ਟ ਅਫ਼ਸਰਾਂ ਜਾਂ ਰਾਜਨੇਤਾਵਾਂ ਨੂੰ ਭੰਡਣ ਦਾ ਕੋਈ ਹੱਕ ਨਹੀਂ ਹੈ।

ਜੇਕਰ ਅਸੀਂ ਆਮ ਲੋਕ ਹਰੇਕ ਜੀਵ ਅਤੇ ਸਮੁੱਚੇ ਵਾਤਾਵਰਣ ਲਈ ਹਾਨੀਕਾਰਕ ਅਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਪਲਾਸਟਿਕ ਜਾਂ ਪੋਲੀਥੀਨ ਤੋਂ ਬਣੇ ਲਿਫ਼ਾਫ਼ਿਆਂ ਦੀ ਵਰਤੋਂ ਕਰਦੇ ਹਾਂ, ਜੇਕਰ ਅਸੀਂ ਆਪਣੀ ਅਤੇ ਹੋਰਨਾਂ ਦੀ ਜਾਨ ਨੂੰ ਖ਼ਤਰੇ 'ਚ ਪਾਉਣ ਵਾਲੇ ਅਤੇ ਅਦਾਲਤ ਵਲੋਂ ਪਾਬੰਦੀਸ਼ੁਦਾ ਜੁਗਾੜੂ ਵਾਹਨਾਂ ਦੀ ਵਰਤੋਂ ਕਰਦੇ ਹਾਂ, ਜੇਕਰ ਅਸੀਂ ਘਰ ਦਾ ਕੂੜਾ-ਕਰਕਟ, ਨਗਰ ਨਿਗਮ ਜਾਂ ਪੰਚਾਇਤ ਵਲੋਂ ਨਿਰਧਾਰਿਤ ਥਾਂਵਾਂ 'ਤੇ ਸੁੱਟਣ ਦੀ ਥਾਂ ਆਪਣੀ ਮਨਮਰਜ਼ੀ ਵਾਲੀ ਥਾਂ 'ਤੇ ਸੁੱਟਦੇ ਹਾਂ, ਜੇਕਰ ਅਸੀਂ ਗ਼ੈਰ-ਕਾਨੂੰਨੀ ਸ਼ਰਾਬ ਬਣਾਉਂਦੇ ਜਾਂ ਖ਼ਰੀਦਦੇ ਹਾਂ, ਜੇਕਰ ਅਸੀਂ ਸਰਕਾਰੀ ਜ਼ਮੀਨਾਂ ਜਾਂ ਦੂਜੇ ਲੋਕਾਂ ਦੀ ਮਾਲਕੀ ਵਾਲੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ

## ਅੱਜ ਲਈ ਵਿਸ਼ੇਸ਼

ਕਰਦੇ ਹਾਂ, ਜੇਕਰ ਅਸੀਂ ਕੱਚੀਆਂ ਸਬਜ਼ੀਆਂ ਅਤੇ ਫ਼ਲਾਂ ਨੂੰ ਟੀਕੇ ਜਾਂ ਜ਼ਹਿਰੀਲੀਆਂ ਦਵਾਈਆਂ ਲਗਾ ਕੇ ਪਕਾਉਂਦੇ ਹਾਂ, ਜੇਕਰ ਅਸੀਂ ਮਿਲਾਵਟੀ ਦੁੱਧ, ਮਠਿਆਈ, ਖੋਆ ਜਾਂ ਪਨੀਰ ਬਣਾ ਕੇ ਵੇਚਦੇ ਹਾਂ, ਜੇਕਰ ਅਸੀਂ ਬੁਢਾਪਾ ਪੈਨਸ਼ਨ ਜਾਂ ਨੀਲੇ ਕਾਰਡ ਦੇ ਯੋਗ ਨਾ ਹੁੰਦੇ ਹੋਏ ਵੀ ਇਨ੍ਹਾ ਦੋਵਾਂ ਸਹੂਲਤਾਂ ਨੂੰ ਲੈਂਦੇ ਹਾਂ, ਜੇਕਰ ਅਸੀਂ ਬਣਦਾ ਹੋਇਆ ਜੀ.ਐਸ.ਟੀ., ਰਜਿਸਟਰੀ ਫ਼ੀਸ ਜਾਂ ਆਮਦਨ ਕਰ ਇਮਾਨਦਾਰੀ ਨਾਲ ਅਦਾ ਨਹੀਂ ਕਰਦੇ ਹਾਂ ਤਾਂ ਸਾਨੂੰ ਸਵੀਕਾਰ ਕਰਨਾ ਹੀ ਪਵੇਗਾ ਕਿ ਅਸੀਂ ਵੀ 'ਭ੍ਰਿਸ਼ਟਾਚਾਰੀ' ਹੀ ਹਾਂ ਤੇ ਭ੍ਰਿਸ਼ਟ ਅਫ਼ਸਰਾਂ ਜਾਂ ਮੰਤਰੀਆਂ ਅਤੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨਾਲੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ ਹਾਂ। ਮੁੱਕਦੀ ਗੱਲ ਇਹ ਹੈ ਕਿ ਅੱਜ ਦੇ ਦਿਨ ਸਾਨੂੰ ਕਿਸੇ ਦੂਜੇ ਵੱਲ ਇਕ ਉਂਗਲ ਚੁੱਕਣ ਤੋਂ ਪਹਿਲਾਂ ਆਪਣੇ ਵੱਲ ਨੂੰ ਆਉਂਦੀਆਂ ਆਪਣੀਆਂ ਹੀ ਚਾਰ ਉਂਗਲਾਂ ਨੂੰ ਵਾਚ ਲੈਣਾ ਚਾਹੀਦਾ ਹੈ ਕਿ ਕਿਧਰੇ ਅਸੀਂ ਖ਼ੁਦ ਵੀ ਭ੍ਰਿਸ਼ਟਾਚਾਰੀ ਤਾਂ ਨਹੀਂ ਹਾਂ?

*-410,ਚੰਦਰ ਨਗਰ, ਬਟਾਲਾ। ਮੋਬਾ : 97816-46008*

# ਬੰਗਲਾਦੇਸ਼ ਭਾਰਤ ਦੀ ਨਾਰਾਜ਼ਗੀ ਤੋਂ ਬੇਪਰਵਾਹ ਕਿਉਂ?

ਅਨਿਲ ਜੈਨ



ਬੰਗਲਾਦੇਸ਼ ਸਰਕਾਰ 'ਤੇ ਭਾਰਤ ਸਰਕਾਰ ਦੀ ਨਾਰਾਜ਼ਗੀ ਦਾ ਕੋਈ ਅਸਰ ਹੁੰਦਾ ਦਿਖਾਈ ਨਹੀਂ ਦੇ ਰਿਹਾ ਹੈ। ਉੱਥੇ ਹਿੰਦੂ ਘੱਟ-ਗਿਣਤੀਆਂ 'ਤੇ ਕੱਟੜਪੰਥੀ ਮੁਸਲਿਮਾਂ ਦੇ ਹਮਲੇ ਹੋ ਰਹੇ ਹਨ, ਉਨ੍ਹਾਂ ਦੇ ਘਰਾਂ ਨੂੰ ਲੁੱਟਿਆ ਜਾ ਰਿਹਾ ਹੈ, ਉਨ੍ਹਾਂ 'ਚ ਅੱਗ



ਲਗਾਈ ਜਾ ਰਹੀ ਹੈ। ਹਿੰਦੂ ਸੰਤਾਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਭਾਰਤ ਸਰਕਾਰ ਨੇ ਅਧਿਕਾਰਤ ਤੌਰ 'ਤੇ ਨਾਰਾਜ਼ਗੀ ਜ਼ਰੂਰ ਜਤਾਈ ਹੈ, ਪਰ ਉਦੋਂ ਵੀ ਬੰਗਲਾਦੇਸ਼ ਸਰਕਾਰ ਨੇ ਇਸਕਾਨ ਦੇ ਸੰਤ ਚਿਨਮਯ ਪ੍ਰਭੂ ਨੂੰ ਰਿਹਾਅ ਨਹੀਂ ਕੀਤਾ ਹੈ ਅਤੇ ਉਲਟਾ ਉਨ੍ਹਾਂ ਦੇ ਦੋ ਹੋਰ ਸਹਿਯੋਗੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਦਰਅਸਲ ਬੰਗਲਾਦੇਸ਼ 'ਚ ਸ਼ੇਖ ਹਸੀਨਾ ਸਰਕਾਰ ਦਾ ਤਖ਼ਤਾ ਪਲਟ ਹੋਣ ਤੋਂ ਬਾਅਦ ਹਿੰਦੂ ਘੱਟ-ਗਿਣਤੀਆਂ ਦਾ ਜੋ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ, ਉਸ ਨੂੰ ਰੁਕਵਾ ਸਕਣਾ ਭਾਰਤ ਦੀ ਸ਼ਕਤੀਸ਼ਾਲੀ ਕਹੀ ਜਾਣ ਵਾਲੀ ਸਰਕਾਰ ਲਈ ਕੋਈ ਮੁਸ਼ਕਿਲ ਕੰਮ ਨਹੀਂ ਹੈ, ਪਰ ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋ ਰਹੀਆਂ ਹਨ ਤਾਂ ਉਸ ਦਾ ਕਾਰਨ ਇਹ ਹੈ ਕਿ ਉਸ ਦੀਆਂ ਕੋਸ਼ਿਸ਼ਾਂ 'ਚ ਨੈਤਿਕ ਬਲ ਨਹੀਂ ਹੈ, ਭਾਵ ਜੋ ਕੰਮ ਉਹ ਬੰਗਲਾਦੇਸ਼ 'ਚ ਰੁਕਵਾਉਣਾ ਚਾਹੁੰਦੀ ਹੈ, ਉਹੀ ਕੰਮ ਆਪਣੇ ਦੇਸ਼ 'ਚ ਜ਼ੋਰ-ਸ਼ੋਰ ਨਾਲ ਕਰਵਾ ਰਹੀ ਹੈ। ਇੱਥੇ ਆਏ ਦਿਨ ਕਿਸੇ ਨਾ ਕਿਸੇ ਮਸਜਿਦ ਦਾ ਸਰਵੇਖਣ ਹੋ ਰਿਹਾ ਹੈ ਅਤੇ ਉਸ ਦੇ ਹੇਠਾਂ ਮੰਦਰ ਲੱਭੇ ਜਾ ਰਹੇ ਹਨ। ਸਰਕਾਰ ਸਮਰਥਕ ਸੰਗਠਨਾਂ ਵਲੋਂ ਮੁਸਲਮਾਨਾਂ ਦੇ ਆਰਥਿਕ ਬਾਈਕਾਟ ਦੀਆਂ ਅਪੀਲਾਂ ਸੋਸ਼ਲ ਮੀਡੀਆ 'ਚ ਕੀਤੀਆਂ ਜਾ ਰਹੀਆਂ ਹਨ। ਹਿੰਦੂਆਂ ਬਹੁਗਿਣਤੀ ਇਲਾਕਿਆਂ 'ਚ ਕਿਸੇ ਮੁਸਲਮਾਨ ਦੇ ਮਕਾਨ ਖਰੀਦਣ ਜਾਂ ਕਿਰਾਏ 'ਤੇ ਲੈਣ ਦਾ ਵਿਰੋਧ ਕੀਤਾ ਜਾ ਰਿਹਾ ਹੈ। ਸਬਜ਼ੀ, ਫ਼ਲ ਜਾਂ ਚੂੜੀ ਵੇਚਣ ਵਾਲੇ ਮੁਸਲਮਾਨ ਨੂੰ ਆਪਣੇ ਮੁਹੱਲੇ ਜਾਂ ਕਾਲੋਨੀ 'ਚ ਵੜਨ ਤੋਂ ਰੋਕਿਆ ਜਾ ਰਿਹਾ ਹੈ ਅਤੇ ਸਥਾਨਕ ਪ੍ਰਸ਼ਾਸਨ ਮੂਕਦਰਸ਼ਕ ਬਣਿਆ ਹੋਇਆ ਹੈ। ਅਜਿਹੇ 'ਚ ਭਾਰਤ ਸਰਕਾਰ ਦੀਆਂ ਅਪੀਲਾਂ ਨੂੰ ਬੰਗਲਾਦੇਸ਼ ਦੀ ਸਰਕਾਰ ਕਿਉਂ ਗੰਭੀਰਤਾ ਨਾਲ ਲਵੇਗੀ?

## ਡਾਲਰ ਬਨਾਮ ਰੁਪਇਆ

ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਨਰਿੰਦਰ ਮੋਦੀ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਸਨ, ਉਦੋਂ ਇਕ ਡਾਲਰ ਦੀ ਕੀਮਤ 63 ਰੁਪਏ ਦੇ ਨੇੜੇ-ਤੇੜੇ ਪਹੁੰਚੀ ਸੀ। ਰੁਪਏ ਦੀ ਡਿਗਦੀ ਕੀਮਤ ਨੂੰ ਲੈ ਕੇ ਮੀਡੀਆ ਨੇ ਹਾਹਾਕਾਰ ਮਚਾ ਰੱਖੀ ਸੀ। ਖ਼ੁਦ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਦੇਸ਼ ਭਰ 'ਚ ਘੁੰਮਦੇ ਹੋਏ ਕਹਿ ਰਹੇ ਸਨ ਕਿ ਜਿਵੇਂ-ਜਿਵੇਂ ਰੁਪਏ ਦੀ ਕੀਮਤ ਡਿਗ ਰਹੀ ਹੈ, ਉਵੇਂ-ਉਵੇਂ ਦੇਸ਼ ਦਾ ਮਾਣ-ਸਨਮਾਨ ਵੀ ਡਿਗ ਰਿਹਾ ਹੈ। ਉਸੇ ਦੌਰ 'ਚ ਉਨ੍ਹਾਂ ਨੇ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ 'ਤੇ ਤਨਜ਼ ਕਰਦਿਆਂ ਇਹ ਵੀ ਕਿਹਾ ਸੀ ਕਿ ਰੁਪਏ ਦੀ ਕੀਮਤ ਪ੍ਰਧਾਨ ਮੰਤਰੀ ਦੀ ਉਮਰ ਨੂੰ ਛੂਹਣ ਵੱਲ ਵਧ ਰਹੀ ਹੈ। ਉਨ੍ਹਾਂ ਦੇ ਇਨ੍ਹਾਂ ਬਿਆਨਾਂ ਦੇ ਕਈ ਵੀਡੀਓ ਹੁਣ ਵੀ ਸੋਸ਼ਲ ਮੀਡੀਆ 'ਚ ਤੈਰਦੇ ਰਹਿੰਦੇ ਹਨ। ਫਿਲਹਾਲ ਹੁਣ ਮੋਦੀ ਦੇ 10 ਸਾਲ ਦੇ ਸ਼ਾਸਨ 'ਚ ਰੁਪਏ ਦੀ ਕੀਮਤ ਡਿਗਦੇ-ਡਿਗਦੇ 85 ਤੱਕ ਪਹੁੰਚ ਗਈ ਹੈ। ਮੋਦੀ ਤਾਂ ਹੁਣ ਰੁਪਏ ਦੀ ਗਿਰਾਵਟ 'ਤੇ ਕਦੇ ਕੁਝ ਨਹੀਂ ਬੋਲਦੇ ਹਨ, ਪਰ ਉਨ੍ਹਾਂ ਦੀ ਸਰਕਾਰ ਦਾ ਕਹਿਣਾ ਹੈ ਕਿ ਰੁਪਏ ਦੀ ਕੀਮਤ ਦਾ ਡਿਗਣਾ ਦੇਸ਼ ਦੀ ਅਰਥਵਿਵਸਥਾ ਲਈ ਲਾਭਦਾਇਕ ਹੈ। ਵਿੱਤ ਰਾਜਮੰਤਰੀ ਪੰਕਜ ਚੌਧਰੀ ਨੇ ਇਕ ਸਵਾਲ ਦੇ



ਜਵਾਬ 'ਚ ਕਿਹਾ ਕਿ ਰੁਪਏ ਦੀ ਡਿਗਦੀ ਕੀਮਤ ਨਾਲ ਭਾਰਤ ਨੂੰ ਨਿਰਯਾਤ 'ਚ ਫਾਇਦਾ ਹੋਵੇਗਾ, ਭਾਵ ਭਾਰਤ ਦਾ ਜੋ ਮਾਲ ਦੂਜੇ ਦੇਸ਼ਾਂ 'ਚ ਜਾਂਦਾ ਹੈ, ਉਸ ਦੀ ਕੀਮਤ ਜ਼ਿਆਦਾ ਮਿਲੇਗੀ, ਕਿਉਂਕਿ ਡਾਲਰ ਮਹਿੰਗਾ ਹੈ। ਉਨ੍ਹਾਂ ਨੇ ਕਿਹਾ ਕਿ ਕੁੱਲ ਮਿਲਾ ਕੇ ਇਸ ਨਾਲ ਦੇਸ਼ ਦੀ ਅਰਥਵਿਵਸਥਾ ਮਜ਼ਬੂਤ ਹੋਵੇਗੀ। ਦੋ ਸਾਲ ਪਹਿਲਾਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀ ਕਿਹਾ ਸੀ ਕਿ ਦਰਅਸਲ ਰੁਪਇਆ ਕਮਜ਼ੋਰ ਨਹੀਂ ਹੋ ਰਿਹਾ ਹੈ, ਬਲਕਿ ਡਾਲਰ ਮਜ਼ਬੂਤ ਹੋ ਰਿਹਾ ਹੈ। ਇਨ੍ਹਾਂ ਬੇਹੂਦਾ ਬਿਆਨਾਂ 'ਤੇ ਹੁਣ ਮੀਡੀਆ ਖ਼ਾਮੋਸ਼ ਰਹਿੰਦਾ ਹੈ।

## ਘਟ ਰਿਹੈ ਭਾਜਪਾ ਦਾ ਦਬਦਬਾ

ਭਾਜਪਾ ਨੇ ਕੇਂਦਰ 'ਚ ਸਰਕਾਰ ਬਣਾਉਣ ਤੋਂ ਬਾਅਦ ਬੜੀ ਸਾਵਧਾਨੀ ਨਾਲ ਪੂਰਬ-ਉੱਤਰ ਨੂੰ ਸਾਧਣ ਦੀ ਕੋਸ਼ਿਸ਼ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਰੋਸੇਮੰਦ ਰਾਮ ਮਾਧਵ ਕਾਫ਼ੀ ਸਮੇਂ ਤੱਕ ਉੱਥੋਂ ਦੀ ਜ਼ਿੰਮੇਵਾਰੀ ਸੰਭਾਲ ਰਹੇ ਹਨ। ਹਿਮੰਤਾ ਬਿਸਵਾ ਸਰਮਾ ਨੂੰ ਕਾਂਗਰਸ ਤੋਂ ਲਿਆ ਕੇ ਉਨ੍ਹਾਂ ਨੂੰ ਮਹੱਤਵਪੂਰਨ ਭੂਮਿਕਾ ਦਿੱਤੀ ਗਈ। ਐੱਨ.ਡੀ.ਏ. ਨਾਲੋਂ ਵੱਖ ਉੱਥੇ ਐੱਨ.ਈ.ਡੀ.ਏ. ਭਾਵ 'ਨਾਰਥ ਈਸਟ ਡੈਮੋਕ੍ਰੇਟਿਕ ਅਲਾਇੰਸ' ਬਣਾਇਆ ਗਿਆ, ਜਿਸ ਦੀ ਜ਼ਿੰਮੇਵਾਰੀ ਹਿਮੰਤਾ ਬਿਸਵ ਸਰਮਾ ਨੂੰ ਦਿੱਤੀ ਗਈ। ਬਾਅਦ 'ਚ ਉਨ੍ਹਾਂ ਨੂੰ ਅਸਮ ਦਾ ਮੁੱਖ ਮੰਤਰੀ ਵੀ ਬਣਾਇਆ ਗਿਆ ਪਰ ਇੰਜ ਲੱਗ ਰਿਹਾ ਹੈ ਕਿ ਹੁਣ ਇਸ ਗੱਠਜੋੜ 'ਚ ਦਰਾਰ ਆ ਰਹੀ ਹੈ। ਸਭ ਕੁਝ ਪਹਿਲਾਂ ਦੀ ਤਰ੍ਹਾਂ ਆਮ ਨਹੀਂ ਹੈ। ਮਨੀਪੁਰ 'ਚ ਫ਼ਿਰਕੂ ਹਿੰਸਾ ਤੋਂ ਬਾਅਦ ਹਾਲਾਤ ਜ਼ਿਆਦਾ ਬਦਲੇ ਹਨ। ਭਾਜਪਾ ਦਾ ਸਿਖਰਲੀ ਲੀਡਰਸ਼ਿਪ ਰਾਜ ਦੇ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਨੂੰ ਕਾਬੂ ਕਰਨ 'ਚ ਅਸਫਲ ਰਹੀ ਹੈ ਅਤੇ ਬੀਰੇਨ ਸਿੰਘ ਆਪਣੇ ਨਿੱਜੀ ਸਿਆਸੀ ਹਿੱਤਾਂ ਕਾਰਨ ਰਾਜ 'ਚ ਹਿੰਸਾ ਨਹੀਂ ਰੋਕ ਸਕੇ। ਇਸ ਦਾ ਅਸਰ ਮਿਜ਼ੋਰਮ ਅਤੇ ਮੇਘਾਲਿਆ 'ਚ ਦਿਖਾਈ ਦੇ ਰਿਹਾ ਹੈ। ਮਿਜ਼ੋਰਮ ਦੀ ਮਿਜ਼ੋ ਨੈਸ਼ਨਲ ਫਰੰਟ ਦੀ ਸਰਕਾਰ ਨੇ ਖੁੱਲ੍ਹ ਕੇ ਬੀਰੇਨ ਸਿੰਘ ਦਾ ਵਿਰੋਧ ਕੀਤਾ ਹੈ, ਜਿਸ ਦੇ ਜਵਾਬ 'ਚ ਬੀਰੇਨ ਸਿੰਘ ਨੇ ਮਿਜ਼ੋਰਮ ਦੀ ਸਰਕਾਰ ਨੂੰ ਦੇਸ਼ ਵਿਰੋਧੀ ਸਰਕਾਰ ਕਿਹਾ ਹੈ। ਇਸ ਤੋਂ ਬਾਅਦ ਤੋਂ ਮਿਜ਼ੋ ਨੈਸ਼ਨਲ ਫਰੰਟ ਦੇ ਗੱਠਜੋੜ ਨਾਲੋਂ ਵੱਖ ਹੋਣ ਦੀ ਚਰਚਾ ਹੈ। ਇਸੇ ਤਰ੍ਹਾਂ ਮੇਘਾਲਿਆ 'ਚ ਸੱਤਾਧਾਰੀ ਐੱਨ.ਸੀ.ਪੀ. ਨੇ ਮਨੀਪੁਰ ਸਰਕਾਰ ਕੋਲੋਂ ਸਮਰਥਨ ਵਾਪਸ ਲੈ ਲਿਆ ਹੈ। ਉਸ ਦੇ ਸੱਤ ਵਿਧਾਇਕ ਹਨ। ਮੇਘਾਲਿਆ ਦੇ ਮੁੱਖ ਮੰਤਰੀ ਕੋਨਰੇਡ ਸੰਗਮਾ ਅਤੇ ਮਿਜ਼ੋਰਮ ਦੇ ਮੁੱਖ ਮੰਤਰੀ ਲਾਲਦੁਹੋਮਾ ਤੇਵਰ ਦਿਖਾਉਂਦੇ ਰਹਿੰਦੇ ਹਨ। ਪੂਰਬ-ਉੱਤਰ ਦੀ ਦੂਜੀਆਂ ਸੂਬਾਈ ਪਾਰਟੀਆਂ ਵੀ ਹਿਮੰਤਾ ਬਿਸਵ ਸਰਮਾ ਦੇ ਇਕੋ ਨੇਤਾ ਵਾਲੇ ਤੇਵਰ ਤੋਂ ਪ੍ਰੇਸ਼ਾਨ ਰਹਿੰਦੀ ਹੈ।

## ਪੰਨਾ ਮੁਖੀ ਤੇ ਲਾਭਪਾਤਰੀ ਮੁਖੀ

ਭਾਜਪਾ ਨੇ ਰਾਜਾਂ 'ਚ ਕਈ ਕਿਸਮ ਦੇ ਮੁਖੀ ਬਣਾ ਰੱਖੇ ਹਨ। ਉਨ੍ਹਾਂ 'ਚੋਂ ਪੰਨਾ ਮੁਖੀ ਸਭ ਤੋਂ ਚਰਚਿਤ ਹੈ। ਉਨ੍ਹਾਂ ਬਾਰੇ ਹਰ ਕੋਈ ਜਾਣਦਾ ਹੈ। ਭਾਜਪਾ ਨੇ ਵੋਟਰ ਸੂਚੀ ਦੇ ਹਰ ਪੰਨੇ ਦਾ ਇਕ ਮੁਖੀ ਨਿਯੁਕਤ ਕੀਤਾ ਹੈ। ਇਕ ਪੰਨੇ 'ਤੇ ਜਿੰਨੇ ਵੀ ਵੋਟਰਾਂ ਦੇ ਨਾਂਅ ਹੁੰਦੇ ਹਨ, ਉਨ੍ਹਾਂ ਨਾਲ ਸੰਪਰਕ ਕਰਨ, ਉਨ੍ਹਾਂ ਵਿਚੋਂ ਭਾਜਪਾ ਸਮਰਥਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਮਤਦਾਨ ਕੇਂਦਰ 'ਤੇ ਲਿਆ ਕੇ ਵੋਟਾਂ ਪੁਆਉਣ ਦੀ ਜ਼ਿੰਮੇਵਾਰੀ ਪੰਨਾ ਮੁਖੀ ਦੀ ਹੁੰਦੀ ਹੈ। ਹੁਣ ਖ਼ਬਰ ਹੈ ਕਿ ਭਾਜਪਾ ਲਾਭਪਾਤਰੀ ਮੁਖੀ ਬਣਾਉਣ ਜਾ ਰਹੀ ਹੈ। ਦੋ ਸਾਲ ਬਾਅਦ ਹੋਣ ਵਾਲੀਆਂ ਉੱਤਰ ਪ੍ਰਦੇਸ਼ ਦੀਆਂ ਚੋਣਾਂ ਨੂੰ ਲੈ ਕੇ ਇਸ ਦਾ ਫ਼ੈਸਲਾ ਕੀਤਾ ਗਿਆ ਹੈ। ਲਾਭਪਾਤਰੀ ਮੁਖੀ ਦਾ ਕੰਮ ਹੋਵੇਗਾ ਕੇਂਦਰ ਅਤੇ ਰਾਜ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਉਠਾਉਣ ਵਾਲੇ ਲੋਕਾਂ ਨਾਲ ਸੰਪਰਕ ਰੱਖਣਾ ਅਤੇ ਉਨ੍ਹਾਂ ਦੀਆਂ ਵੋਟਾਂ ਪੁਆਉਣਾ।



ਜ਼ਿਕਰਯੋਗ ਹੈ ਕਿ ਜਾਤੀਆਂ ਅਤੇ ਭਾਈਚਾਰਿਆਂ ਨਾਲੋਂ ਵੱਖ ਲਾਭਪਾਤਰੀਆਂ ਦਾ ਇਕ ਵੱਖਰਾ ਵੋਟ ਬੈਂਕ ਬਣਿਆ ਹੈ, ਜੋ ਆਮ ਤੌਰ 'ਤੇ ਭਾਜਪਾ ਜਾਂ ਉਸ ਦੇ ਗੱਠਜੋੜ ਨੂੰ ਵੋਟਾਂ ਪਾਉਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲਗਾਤਾਰ ਜਿੱਤ 'ਚ ਇਸ ਲਾਭਪਾਤਰੀ ਵਰਗ ਦਾ ਵੱਡਾ ਹੱਥ ਹੈ। ਇਸ ਲਈ ਉਸ 'ਤੇ ਖ਼ਾਸ ਧਿਆਨ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇੰਨਾ ਹੀ ਨਹੀਂ, ਖ਼ਬਰ ਹੈ ਕਿ ਭਾਜਪਾ 'ਮਨ ਦੀ ਬਾਤ ਮੁਖੀ' ਵੀ ਨਿਯੁਕਤ ਕਰੇਗੀ। ਇਹ ਲੋਕ ਪ੍ਰਧਾਨ ਮੰਤਰੀ ਮੋਦੀ ਦੇ ਰੇਡੀਓ 'ਤੇ ਪ੍ਰਸਾਰਿਤ ਹੋਣ ਵਾਲੇ ਮਹੀਨਾਵਾਰ ਪ੍ਰੋਗਰਾਮ 'ਮਨ ਕੀ ਬਾਤ' ਨਾਲ ਲੋਕਾਂ ਨੂੰ ਜੋੜਨਗੇ। ਉਨ੍ਹਾਂ ਲਈ ਇਹ ਪ੍ਰੋਗਰਾਮ ਸੁਣਨ ਦਾ ਬੰਦੋਬਸਤ ਕਰਨਗੇ ਅਤੇ ਇਸ ਦੀਆਂ ਗੱਲਾਂ ਦਾ ਪ੍ਰਚਾਰ ਕਰਨਗੇ। ਭਾਜਪਾ ਵੱਟਸਐਪ ਮੁਖੀ ਵੀ ਨਿਯੁਕਤ ਕਰਨ ਵਾਲੀ ਹੈ, ਜੋ ਵੱਟਸਐਪ ਗਰੁੱਪਾਂ ਨੂੰ ਚਲਾਉਣਗੇ। ਇਨ੍ਹਾਂ ਤਿੰਨ ਸ਼੍ਰੇਣੀਆਂ 'ਚ ਭਾਜਪਾ ਦੇ ਕਰੀਬ ਪੰਜ ਲੱਖ ਵਰਕਰਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਜਾਵੇਗੀ।

## 'ਆਪ' ਤੇ ਬੇਅਦਬੀ ਮਾਮਲਾ

ਆਮ ਆਦਮੀ ਪਾਰਟੀ ਲਈ ਉਸ ਦੇ ਆਗੂਆਂ ਦੀ ਗ੍ਰਿਫ਼ਤਾਰੀ ਕੋਈ ਨਵੀਂ ਗੱਲ ਨਹੀਂ ਹੈ। ਮੁੱਖ ਮੰਤਰੀ, ਮੰਤਰੀ ਅਤੇ ਵਿਧਾਇਕ ਜਾਂ ਦੂਜੇ ਨੇਤਾ ਅਕਸਰ ਗ੍ਰਿਫ਼ਤਾਰ ਹੁੰਦੇ ਰਹਿੰਦੇ ਹਨ। ਹੁਣ ਹਾਲ ਹੀ 'ਚ ਇਕ ਵਿਧਾਇਕ ਨਰੇਸ਼ ਬਾਲਿਆਨ ਗੈਂਗਸਟਰਾਂ ਨਾਲ ਸੰਬੰਧ ਰੱਖਣ ਅਤੇ ਰੰਗਦਾਰੀ (ਫਿਰੌਤੀ) ਵਸੂਲਣ ਦੇ ਦੋਸ਼ 'ਚ ਗ੍ਰਿਫ਼ਤਾਰ ਹੋਏ ਸਨ। ਇਸ ਮਾਮਲੇ 'ਚ ਉਹ ਜ਼ਮਾਨਤ 'ਤੇ ਰਿਹਾਅ ਹੋਏ ਤਾਂ ਫਿਰ ਸੰਗਠਿਤ ਅਪਰਾਧ 'ਚ ਸ਼ਾਮਿਲ ਹੋਣ ਦੇ ਕਾਨੂੰਨ ਮਕੋਕਾ ਤਹਿਤ ਗ੍ਰਿਫ਼ਤਾਰ ਹੋ ਗਏ ਪਰ ਅਜਿਹੀਆਂ ਗ੍ਰਿਫ਼ਤਾਰੀਆਂ ਨੂੰ ਆਮ ਆਦਮੀ ਪਾਰਟੀ ਸ਼ਹਾਦਤ ਦੱਸ ਦਿੰਦੀ ਹੈ। ਉਸ ਦੇ ਨੇਤਾ ਕਹਿ ਦਿੰਦੇ ਹਨ ਕਿ ਭਾਜਪਾ ਦੀ ਕੇਂਦਰ ਸਰਕਾਰ ਉਨ੍ਹਾਂ ਨੂੰ ਫਸਾ ਰਹੀ ਹੈ ਪਰ ਪਾਰਟੀ ਦੇ ਇਕ ਵਿਧਾਇਕ ਨਰੇਸ਼ ਯਾਦਵ ਮੁਸਲਮਾਨਾਂ ਦੇ ਪਵਿੱਤਰ ਗ੍ਰੰਥ ਕੁਰਆਨ ਸ਼ਰੀਫ਼ ਦੀ ਬੇਅਦਬੀ ਦੇ ਮਾਮਲੇ 'ਚ ਦੋਸ਼ੀ ਠਹਿਰਾਏ ਗਏ ਹਨ ਅਤੇ ਉਨ੍ਹਾਂ ਨੂੰ ਦੋ ਸਾਲ ਦੀ ਸਜ਼ਾ ਹੋਈ ਹੈ। ਹਾਲਾਂਕਿ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ ਹੈ, ਪਰ ਇਹ ਮਾਮਲਾ ਆਮ ਆਦਮੀ ਪਾਰਟੀ ਨੂੰ ਭਾਰੀ ਪਵੇਗਾ। ਨਰੇਸ਼ ਯਾਦਵ ਪੰਜਾਬ ਦੇ ਮਲੇਰਕੋਟਲਾ 'ਚ ਕੁਰਆਨ ਸ਼ਰੀਫ਼ ਦੀ ਬੇਅਦਬੀ ਦੇ ਮਾਮਲੇ 'ਚ ਦੋਸ਼ੀ ਠਹਿਰਾਏ ਗਏ ਹਨ। ਉੱਥੇ ਕੁਝ ਸਮਾਂ ਪਹਿਲਾਂ ਸੜਕਾਂ 'ਤੇ ਕੁਰਆਨ ਸ਼ਰੀਫ਼ ਦੇ ਫਟੇ ਹੋਏ ਪੰਨੇ ਮਿਲੇ ਸਨ। ਜ਼ਿਕਰਯੋਗ ਹੈ ਕਿ ਸਿੱਖ ਧਰਮ 'ਚ ਬੇਅਦਬੀ ਦੇ ਇਕ ਵੱਖਰੇ ਮਾਮਲੇ 'ਚ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੁਣਾਈ ਸਜ਼ਾ ਭੋਗ ਰਹੇ ਹਨ। ਉਸੇ ਤਰ੍ਹਾਂ ਇਸਲਾਮ 'ਚ ਵੀ ਬੇਅਦਬੀ ਦਾ ਮਾਮਲਾ ਬਹੁਤ ਗੰਭੀਰ ਮੰਨਿਆ ਜਾਂਦਾ ਹੈ। ਹੁਣ ਤੱਕ ਆਮ ਆਦਮੀ ਪਾਰਟੀ ਨੇ ਇਸ ਦੇ ਦੋਸ਼ੀ ਵਿਧਾਇਕ 'ਤੇ ਕਾਰਵਾਈ ਨਹੀਂ ਕੀਤੀ ਹੈ। ਜੇਕਰ ਚੋਣਾਂ 'ਚ ਤਾਲਮੇਲ ਨਹੀਂ ਹੁੰਦਾ ਹੈ ਤਾਂ ਕਾਂਗਰਸ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਉਠਾਏਗੀ ਅਤੇ ਹੁਣ ਆਮ ਆਦਮੀ ਪਾਰਟੀ ਨੂੰ ਦਿੱਲੀ ਦੇ ਮੁਸਲਮਾਨਾਂ ਦੀ ਨਾਰਾਜ਼ਗੀ ਭੁਗਤਣੀ ਪੈ ਸਕਦੀ ਹੈ।

-0-

# ਸੰਪਾਦਕ ਦੇ ਨਾਂਅ

## ਪਾਲਤੂ ਕੁੱਤੇ ਰੱਖਣ ਵਾਲੇ ਧਿਆਨ ਦੇਣ

ਪਿੰਡਾਂ ਤੇ ਸ਼ਹਿਰਾਂ ਦੇ ਕਾਫੀ ਲੋਕਾਂ ਨੇ ਆਪਣੇ ਘਰਾਂ 'ਚ ਪਾਲਤੂ ਕੁੱਤੇ ਰੱਖੇ ਹੋਏ ਹਨ। ਪਰ ਸਾਰੇ ਮਾਲਕਾਂ ਨੂੰ ਆਪੋ ਆਪਣੇ ਪਾਲਤੂ ਕੁੱਤਿਆਂ ਦਾ ਪੂਰਾ-ਪੂਰਾ ਧਿਆਨ ਰੱਖਣਾ ਚਾਹੀਦਾ ਹੈ ਕਿ ਕਿਸੇ ਵੀ ਆਂਢੀ ਗੁਆਂਢੀ ਜਾਂ ਹੋਰ ਆਉਣ ਜਾਣ ਵਾਲੇ ਲੋਕਾਂ ਨੂੰ ਇਨ੍ਹਾਂ ਪਾਲਤੂ ਕੁੱਤਿਆਂ ਤੋਂ ਕੋਈ ਦਿੱਕਤ ਨਾ ਹੋਵੇ। ਅਸੀਂ ਆਮ ਤੌਰ 'ਤੇ ਸ਼ਹਿਰਾਂ ਵਿਚ ਦੇਖਦੇ ਕਈ ਲੋਕਾਂ ਨੇ ਇਕ ਦੋ ਪਾਲਤੂ ਕੁੱਤੇ ਰੱਖੇ ਹੁੰਦੇ ਹਨ, ਉਹ ਆਪਣੇ ਕੁੱਤਿਆਂ ਨੂੰ ਸਵੇਰੇ ਸਵੇਰੇ ਘਰੋਂ ਬਾਹਰ ਕੱਢ ਦਿੰਦੇ ਹਨ ਅਤੇ ਇਹ ਪਾਲਤੂ ਕੁੱਤੇ ਨੇੜੇ ਦੇ ਘਰਾਂ ਦੇ ਰੈਂਪਾਂ 'ਤੇ ਗੇਟ ਅੱਗੇ ਜਾਂ ਗਲੀਆਂ 'ਚ ਗੰਦ ਪਾਉਂਦੇ ਹਨ। ਪਾਲਤੂ ਕੁੱਤਿਆਂ ਦੇ ਮਾਲਕਾਂ ਨੂੰ ਆਪਣੇ ਪਾਲਤੂ ਕੁੱਤਿਆਂ ਨੂੰ ਘਰਾਂ ਤੋਂ ਦੂਰ ਖਾਲੀ ਤੇ ਬੇਆਬਾਦ ਥਾਵਾਂ 'ਤੇ ਲਿਜਾਣਾ ਚਾਹੀਦਾ ਹੈ। ਇਸ ਨਾਲ ਪਾਲਤੂ ਕੁੱਤਿਆਂ ਨੂੰ ਲੈ ਕੇ ਲੋਕਾਂ ਦੇ ਆਪਸੀ ਲੜਾਈ ਝਗੜੇ ਵੀ ਨਹੀਂ ਹੋਣਗੇ।

ਲੋਕਾਂ ਨੂੰ ਪਾਲਤੂ ਕੁੱਤਿਆਂ ਨੂੰ ਨਗਰ ਨਿਗਮ ਤੇ ਸਰਕਾਰ ਵਲੋਂ ਜਾਰੀ ਕੀਤੀਆਂ ਹਿਦਾਇਤਾਂ ਅਨੁਸਾਰ ਰੱਖਣਾ ਚਾਹੀਦਾ ਹੈ।

**-ਗੁਰਤੇਜ ਸਿੰਘ ਖੁਡਾਲ**
*ਭਾਗੂ ਰੋਡ, ਬਠਿੰਡਾ।*

## ਅਸਰਦਾਰ ਹੈ ਆਯੁਰਵੈਦਿਕ ਇਲਾਜ

22 ਨਵੰਬਰ ਨੂੰ 'ਅਜੀਤ' ਅਖ਼ਬਾਰ 'ਚ ਨਵਜੋਤ ਕੌਰ ਸਿੱਧੂ ਦੀ ਖ਼ਬਰ ਪੜ੍ਹੀ ਜਿਨ੍ਹਾਂ ਨੇ ਦੱਸਿਆ ਕਿ ਉਸ ਦੀ ਕੈਂਸਰ ਦੀ ਬਿਮਾਰੀ ਆਯੁਰਵੈਦਿਕ ਪ੍ਰਣਾਲੀ ਰਾਹੀਂ ਠੀਕ ਹੋਈ ਹੈ। ਇਸ ਤੋਂ ਪਹਿਲਾਂ ਡੇਵਿਡ ਬੈਕਹਮ, ਮਾਰੀਆ ਸ਼ਾਰਾਪੋਵਾ, ਐਂਜਲੀਨਾ ਜੌਲੀ, ਹਿਲੇਰੀ ਕਲਿੰਟਨ ਅਤੇ ਪੋਪ ਗਾਇਕਾ ਮੈਡੋਨਾ ਵੀ ਜੋ ਕਿ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਸਨ, ਆਯੁਰਵੈਦਿਕ ਪ੍ਰਣਾਲੀ ਨਾਲ ਹੀ ਠੀਕ ਹੋਏ ਹਨ। ਦਰਅਸਲ ਦੁਨੀਆ ਨੂੰ ਹੌਲੀ-ਹੌਲੀ ਅਹਿਸਾਸ ਹੋਣ ਲੱਗਾ ਹੈ ਕਿ ਆਯੁਰਵੈਦ ਇਲਾਜ ਨਾਲ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਦੁਨੀਆ ਭਰ ਦੀਆਂ ਸ਼ਖ਼ਸੀਅਤਾਂ ਐਲੋਪੈਥੀ ਦਵਾਈਆਂ ਦੇ ਮਾੜੇ ਪ੍ਰਭਾਵ ਤੋਂ ਬਚਣਾ ਚਾਹੁੰਦੀਆਂ ਹਨ। ਉਹ ਆਯੁਰਵੈਦ ਦਵਾਈਆਂ ਦਾ ਸਹਾਰਾ ਲੈਂਦੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਯੁਰਵੈਦ ਦੇ ਪ੍ਰਸਾਰ ਲਈ ਠੋਸ ਕਦਮ ਚੁੱਕੇ।

**-ਡਾ. ਨਰਿੰਦਰ ਭੱਪਰ**
*ਝਬੇਲਵਾਲੀ, ਸ੍ਰੀ ਮੁਕਸਤਰ ਸਾਹਿਬ।*

## ਨਿਮਰਤਾ/ਹਲੀਮੀ

ਅੱਜ ਦੇ ਦੌਰ 'ਚ ਮਨੁੱਖ ਆਪਣੀ ਜ਼ਿੰਦਗੀ ਆਪਣੇ ਮਨ ਅਨੁਸਾਰ ਜੀਅ ਰਿਹਾ ਹੈ, ਉਹ ਉਹੋ ਕੁਝ ਕਰਦਾ ਹੈ, ਜੋ ਉਸ ਦਾ ਮਨ ਕਰਵਾਉਂਦਾ ਹੈ। ਮਨੁੱਖੀ ਮਨ ਹਉਮੈ-ਹੰਕਾਰ, ਝੂਠੀ ਸ਼ੋਹਰਤ, ਈਰਖਾ, ਸਾੜਾ, ਵੈਰ-ਵਿਰੋਧ, ਝੂਠ-ਫਰੇਬ, ਬੇਗਾਨਾ ਹੱਕ ਮਾਰਨ ਤੇ ਬੇਈਮਾਨੀ ਆਦਿ ਔਗੁਣਾਂ ਨਾਲ ਭਰਿਆ ਪਿਆ ਹੈ।

ਸਿੱਟੇ ਵਜੋਂ ਮਨੁੱਖੀ ਮਨ ਬੇਚੈਨ ਤੇ ਪ੍ਰੇਸ਼ਾਨ ਤਾਂ ਹੁੰਦਾ ਹੀ ਹੈ, ਬਲਕਿ ਦੁਖੀ ਵੀ ਹੋ ਜਾਂਦਾ ਹੈ। ਜੇ ਮਨੁੱਖ ਨੇ ਮਾਨਸਿਕ ਤੇ ਸਰੀਰਕ ਸੁੱਖ ਦਾ ਅਨੰਦ ਮਾਣਨਾ ਹੈ ਤਾਂ ਉਸ ਨੂੰ ਔਗੁਣਾਂ ਦਾ ਤਿਆਗ ਕਰਕੇ ਸਹਿਣਸ਼ੀਲਤਾ, ਨਿਮਰਤਾ/ਹਲੀਮੀ, ਮਿੱਠਾ ਬੋਲਣਾ, ਪ੍ਰੇਮ-ਪਿਆਰ, ਪਰਾਇਆ ਹੱਕ ਨਾ ਮਾਰਨ ਤੇ ਇਨਸਾਫ਼ ਲਈ ਤੱਤਪਰ ਰਹਿਣ, ਸਦਗੁਣਾਂ ਦਾ ਧਾਰਨੀ ਹੋਣਾ ਪਵੇਗਾ।

ਗੁਰਬਾਣੀ ਦੇ ਉਪਦੇਸ਼ ਅਨੁਸਾਰ ਮਿੱਠਾ ਬੋਲਣਾ ਤੇ ਨਿਵ ਕੇ ਚੱਲਣਾ (ਨਿਮਰਤਾ/ਹਲੀਮੀ ਵਿਚ ਰਹਿਣਾ) ਚੰਗੇ ਗੁਣਾਂ ਦਾ ਨਿਚੋੜ ਹੈ।

**-ਜਗਤਾਰ ਸਿੰਘ ਝੋਜੜ**
*ਜ਼ਿਲਾ ਕਚਹਿਰੀਆਂ, ਹੁਸ਼ਿਆਰਪੁਰ।*

## ਨੈਤਿਕ ਕਦਰਾਂ ਕੀਮਤਾਂ

ਨੈਤਿਕ ਕਦਰਾਂ ਕੀਮਤਾਂ ਜ਼ਿੰਦਗੀ ਦਾ ਧੁਰਾ ਹਨ। ਅਸੀਂ ਨੈਤਿਕ ਕਦਰਾਂ ਕੀਮਤਾਂ ਬਿਨਾਂ ਬੱਚਿਆਂ ਦੇ ਸਰਬਪੱਖੀ ਵਿਕਾਸ ਦੀ ਕਲਪਨਾ ਵੀ ਨਹੀਂ ਕਰ ਸਕਦੇ। ਅੱਜ ਸਮਾਜ ਵਿਚ ਬੱਚਿਆਂ ਨੂੰ ਸਹੀ ਰਸਤਾ ਵਿਖਾਉਣ ਦੀ ਬਹੁਤ ਜ਼ਰੂਰਤ ਹੈ। ਸਮਾਜ ਵਾਪਰ ਰਹੀਆਂ ਮਾੜੀਆਂ ਘਟਨਾਵਾਂ ਦਾ ਭੈੜਾ ਅਸਰ ਬੱਚਿਆਂ ਦੀ ਸ਼ਖ਼ਸੀਅਤ 'ਤੇ ਪੈਂਦਾ ਹੈ। ਨੌਜਵਾਨ ਵਰਗ ਗਲਤ ਰਸਤੇ ਅਖ਼ਤਿਆਰ ਕਰੀ ਬੈਠਾ ਹੈ। ਉਨ੍ਹਾਂ ਨੂੰ ਸਹੀ ਦਿਸ਼ਾ ਵਿਖਾਉਣ ਲਈ ਨੈਤਿਕ ਕਦਰਾਂ-ਕੀਮਤਾਂ ਬਾਰੇ ਅਸੀਂ ਸਕੂਲ ਦੀ ਸਵੇਰ ਦੀ ਸਭਾ ਵਿਚ ਪਾਠ ਪੜ੍ਹਾਅ ਸਕਦੇ ਹਾਂ। ਸਕੂਲਾਂ ਵਿਚ ਬਾਲ ਸਭਾਵਾਂ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਨ ਦਾ ਵਧੀਆ ਵਸੀਲਾ ਬਣ ਸਕਦੀਆਂ ਹਨ।

ਸਾਨੂੰ ਚੰਗਿਆਂ ਦੀ ਸੰਗਤ ਕਰਨੀ ਚਾਹੀਦੀ ਹੈ। ਕਿਤਾਬਾਂ ਪੜ੍ਹ ਕੇ ਅਸੀਂ ਕੀਮਤਾਂ ਬਾਰੇ ਜਾਣ ਸਕਦੇ ਹਾਂ।

**-ਰਾਮ ਸਿੰਘ ਪਾਠਕ**